ਆਰ.ਬੀ.ਆਈ./2007-2008/64

ਡੀ ਜੀ ਬੀ ਏ. ਜੀ ਏ ਡੀ. ਨੰ:ਐਚ. 09/31.05.001/2007-08

ਜੁਲਾਈ 2, 2007

ਸਾਰੇ ਏਜੰਸੀ ਬੈਂਕਾਂ ਨੂੰ

ਸ੍ਰੀਮਾਨ ਜੀ,

## ਮਾਸਟਰ ਸਰਕੂਲਰ - ਏਜੰਸੀ ਬੈਂਕਾਂ ਦੁਆਰਾ ਪੈਨਸ਼ਨ ਰਾਸ਼ੀ ਦੀ ਵੰਡ

ਭਾਰਤੀ ਰਿਜ਼ਰਵ ਬੈਂਕ ਏਜੰਸੀ ਬੈਂਕਾਂ ਦੁਆਰਾ ਸਰਕਾਰੀ ਪੈਨਸ਼ਨ ਰਾਸ਼ੀ ਦੇ ਭੁਗਤਾਨ ਬਾਰੇ ਵੱਖ-ਵੱਖ ਹਦਾਇਤਾਂ ਜਾਰੀ ਕਰਦਾ ਰਿਹਾ ਹੈ। ਇਹ ਹਦਾਇਤਾਂ ਸਾਡੇ ਮਾਸਟਰ ਸਰਕੂਲਰ ਆਰ ਬੀ ਆਈ/2006/78 (ਡੀ ਜੀ ਬੀ ਏ. ਜੀ ਏ ਡੀ. ਨੰ: 1059/31.05.001/2006-07 ਮਿਤੀ 19 ਜੁਲਾਈ, 2006 ਰਾਹੀਂ ਭੇਜੀਆਂ ਗਈਆਂ ਸਨ। ਹੁਣ ਅਸੀਂ ਇਕ ਅਪਡੇਟੇਡ ਮਾਸਟਰ ਸਰਕੂਲਰ ਨੱਥੀ ਕਰ ਰਹੇ ਹਾਂ ਜਿਸ ਵਿਚ ਇਸ ਵਿਸ਼ੇ ਬਾਰੇ 30 ਜੂਨ, 2007 ਤੱਕ ਜਾਰੀ ਕੀਤੀਆਂ ਗਈਆਂ ਮਹੱਤਵਪੂਰਨ ਹਦਾਇਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਤੁਸੀਂ ਇਸ ਸਰਕੂਲਰ ਤੱਕ ਸਾਡੀ ਵੈਬਸਾਈਟ www.rbi ord.in ਰਾਹੀਂ ਵੀ ਪਹੁੰਚ ਸਕਦੇ ਹੋ।

2. ਕਿਰਪਾ ਕਰਕੇ ਇਸ ਦੀ ਪ੍ਰਾਪਤੀ ਬਾਰੇ ਸੂਚਿਤ ਕਰਨਾ ਜੀ।

ਆਪ ਜੀ ਦਾ ਵਿਸ਼ਵਾਸਪਾਤਰ

ਸਹੀ/-

(ਏ ਐਸ ਕੁਲਕਰਣੀ)

ਡਿਪਟੀ ਜਨਰਲ ਮੈਨੇਜਰ

## ਮਾਸਟਰ ਸਰਕੂਲਰ - ਏਜੰਸੀ ਬੈਂਕਾਂ ਦੁਆਰਾ ਪੈਨਸ਼ਨ ਰਾਸ਼ੀ ਦੀ ਵੰਡ

## ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਪੈਨਸ਼ਨ ਰਾਸ਼ੀ ਦੇ ਭੁਗਤਾਨ ਲਈ ਵੱਖ-ਵੱਖ ਯੋਜਨਾਵਾਂ ਅਧੀਨ ਸਰਕਾਰੀ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦਾ ਭੁਗਤਾਨ

1. ਭੂਮਿਕਾ

ਸੇਵਾਮੁਕਤ ਸਰਕਾਰੀ ਕਰਮਚਾਰੀਆਂ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਤੇ ਨਿਯੰਤ੍ਰਣ ਸਬੰਧਤ ਮੰਤਰਾਲਿਆ/ਵਿਭਾਗ ਦੁਆਰਾ ਕੰਟਰੋਲ ਜਨਰਲ ਆਫ ਅਕਾਂਉਂਟਸ, ਵਿੱਤ ਮੰਤਰਾਲਿਆ, ਭਾਰਤ ਸਰਕਾਰ ਜਾਂ ਰਾਜ ਸਰਕਾਰਾਂ ਦੀ ਮਨਜ਼ੂਰੀ ਨਾਲ ਤਿਆਰ ਕੀਤੀਆਂ ਸਬੰਧਤ ਯੋਜਨਾਵਾਂ ਦੁਆਰਾ ਕੀਤਾ ਜਾਂਦਾ ਹੈ ਅਤੇ ਇਸ ਵਿਚ ਮੁੱਢਲੀ ਪੈਨਸ਼ਨ ਰਾਸ਼ੀ, ਵਧੀ ਹੋਈ ਮੰਹਿਗਾਈ ਰਾਹਤ ਰਾਸ਼ੀ ਅਤੇ ਸਰਕਾਰਾਂ ਵੱਲੋਂ ਸਮੇਂ-ਸਮੇਂ ਤੇ ਘੋਸ਼ਿਤ ਹੋਰ ਲਾਭ ਸ਼ਾਮਲ ਹੁੰਦੇ ਹਨ। ਇਸ ਸਬੰਧ ਵਿਚ ਜਾਰੀ ਕੀਤੇ ਗਏ ਵੱਖ-ਵੱਖ ਸਰਕੂਲਰਾਂ ਦਾ ਸਾਰ ਸੂਚਨਾ ਹਿਤ ਹੇਠਾਂ ਦਿੱਤਾ ਗਿਆ ਹੈ।

2. ਰਾਜ ਸਰਕਾਰ ਦੇ ਪੈਨਸ਼ਨਰਜ਼ ਲਈ ਮੰਹਿਗਾਈ ਰਾਹਤ ਆਦਿ ਬਾਰੇ ਸਰਕਾਰੀ ਆਦੇਸ਼ਾਂ ਨੂੰ ਰਾਜ ਸਰਕਾਰਾਂ ਦੀਆਂ ਵੈਬਸਾਈਟਾਂ ਤੇ ਪਾਉਣਾ

(ਹਵਾਲਾਃ ਡੀ ਜੀ ਬੀ ਏ. ਜੀ ਏ ਡੀ. ਨੰ:ਐਚ - 416/45.01.003/2002-03 ਮਿਤੀ 21 ਮਾਰਚ, 2003 ਅਤੇ ਡੀ ਜੀ ਬੀ ਏ. ਜੀ ਏ ਡੀ. ਨੰ: 770/45.01.003/ 2003-04 ਮਿਤੀ 25 ਫਰਵਰੀ, 2004)

ਮਹਿੰਗਾਈ ਰਾਹਤ ਸਬੰਧੀ ਆਦੇਸ਼ਾਂ ਦੇ ਜਾਰੀ ਹੋਣ ਅਤੇ ਇਸ ਦਾ ਲਾਭ ਪ੍ਰਾਪਤ ਕਰਨ ਵਾਲਿਆਂ ਨੂੰ ਮਹਿੰਗਾਈ ਰਾਹਤ ਦੇ ਭੁਗਤਾਨ ਦਰਮਿਆਨ ਹੋਣ ਵਾਲੀ ਦੇਰੀ ਤੋਂ ਬਚਣ ਲਈ ਅਤੇ ਬਜ਼ੁਰਗ ਨਾਗਰਿਕਾਂ ਨੂੰ ਇਹ ਸੇਵਾ ਤੇਜ਼ੀ ਨਾਲ ਪਹੁੰਚਾਉਣ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੇ ਏਜੰਸੀ ਬੈਂਕਾਂ ਨੂੰ ਸਰਕਾਰ ਦੁਆਰਾ ਰਾਜ ਦੇ ਮੁੱਖ

ਦਫ਼ਤਰ (ਰਾਜਧਾਨੀ) ਅੰਦਰ ਸਥਿਤ ਅਧਿਕ੍ਰਿਤ ਬੈਂਕਾਂ ਦੇ ਮੁੱਖ ਦਫ਼ਤਰ ਅਤੇ / ਜਾਂ ਖੇਤਰੀ ਦਫ਼ਤਰਾਂ ਨੂੰ ਦਿੱਤੀ ਗਈ ਆਦੇਸ਼ਾਂ ਦੀ ਨਕਲ ਤੇ ਅਮਲ ਕਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਇਨ੍ਹਾਂ ਸਰਕੂਲਰਾਂ ਨੂੰ ਰਾਜ ਸਰਕਾਰ ਦੀਆਂ ਸੁਰੱਖਿਅਤ ਵੈਬਸਾਈਟਾਂ ਤੇ ਵੀ ਪ੍ਰਦਰਸ਼ਿਤ ਕੀਤਾ ਜਾਵੇ।
ਸਾਰੀਆਂ ਰਾਜ ਸਰਕਾਰਾਂ ਨੂੰ ਇਹ ਵਿਕਲਪ ਦਿੱਤਾ ਗਿਆ ਹੈ ਕਿ ਉਹ ਮਹਿੰਗਾਈ ਰਾਹਤ ਬਾਰੇ ਸਰਕਾਰੀ ਆਦੇਸ਼ਾਂ ਨੂੰ ਇਲੈਕਟ੍ਰਾਨਿਕ ਸਵਰੂਪ ਵਿਚ ਭਾਰਤੀ ਰਿਜ਼ਰਵ ਬੈਂਕ ਕੋਲ ਭੇਜ ਸਕਦੀਆਂ ਹਨ ਅਤੇ ਆਦੇਸ਼ਾਂ ਦੀ ਦਸਤਾਵੇਜ਼ੀ ਨਕਲ ਵੀ ਭੇਜਣ ਤਾਂ ਜੋ ਰਿਜ਼ਰਵ ਬੈਂਕ ਦੁਆਰਾ ਇਸ ਨੂੰ ਆਪਣੀ ਵੈਬਸਾਈਟ ਤੇ ਪਾਇਆ ਜਾ ਸਕੇ।

3. ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਰਾਜ ਸਰਕਾਰ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦਾ ਭੁਗਤਾਨ ਪੈਨਸ਼ਨਰਜ਼ ਨੂੰ ਮਹਿੰਗਾਈ ਰਾਹਤ (ਡੀ ਆਰ) ਦੇ ਭੁਗਤਾਨ ਵਿਚ ਘੱਟੋ ਘੱਟ ਦੇਰੀ ਲਈ ਸਰਕਾਰ ਦੁਆਰਾ ਚੁੱਕੇ ਗਏ ਕਦਮ ਡੀ ਆਰ ਬਾਰੇ ਸਰਕਾਰੀ ਆਦੇਸ਼ਾਂ ਨੂੰ ਭਾਰਤੀ ਰਿਜ਼ਰਵ ਬੈਂਕ ਰਾਹੀਂ ਭੇਜੇ ਜਾਣ ਦੀ ਸਮਾਪਤੀ

(ਹਵਾਲਾਃ ਡੀ ਜੀ ਬੀ ਏ. ਜੀ ਏ ਡੀ. ਨੰਃਐਚ 506/45.01.001/2002-03 ਮਿਤੀ 12 ਅਪ੍ਰੈਲ, 2003)

ਮਹਿੰਗਾਈ ਰਾਹਤ ਆਦਿ ਸਬੰਧੀ ਆਦੇਸ਼ਾਂ ਦੇ ਜਾਰੀ ਹੋਣ ਅਤੇ ਇਸ ਦਾ ਲਾਭ ਪ੍ਰਾਪਤ ਕਰਨ ਵਾਲਿਆਂ ਨੂੰ ਇਸ ਦੇ ਅਸਲ ਭੁਗਤਾਨ ਦਰਮਿਆਨ ਹੋਣ ਵਾਲੀ ਦੇਰੀ ਤੋਂ ਬਚਣ ਲਈ ਅਤੇ ਬਜ਼ੁਰਗ ਨਾਗਰਿਕਾਂ ਨੂੰ ਤੇਜ਼ੀ ਨਾਲ ਇਹ ਸੇਵਾ ਪ੍ਰਦਾਨ ਕਰਨ ਲਈ ਕਰਮਚਾਰੀਆਂ ਨਾਲ ਸਬੰਧਤ ਮੰਤਰਾਲਿਆ, ਲੋਕ ਸ਼ਿਕਾਇਤਾਂ ਅਤੇ ਪੈਨਸ਼ਨਰਜ਼, ਪੈਨਸ਼ਨ ਅਤੇ ਪੈਨਸ਼ਨਰਜ਼ ਵੈਲਫੇਅਰ ਵਿਭਾਗ, ਭਾਰਤ ਸਰਕਾਰ, ਦੁਆਰਾ ਹੇਠ ਲਿਖੇ ਕਦਮ ਚੁੱਕੇ ਗਏ ਹਨਃ

I. ਜਿਵੇਂ ਹੀ ਮਹਿੰਗਾਈ ਰਾਹਤ ਬਾਰੇ ਨਵੀਆਂ ਦਰਾਂ ਬਾਰੇ ਵਿੱਤ ਮੰਤਰਾਲਿਆ ਤੋਂ ਮਨਜ਼ੂਰੀ ਪ੍ਰਾਪਤ ਹੁੰਦੀ ਹੈ, ਤਾਂ ਪੈਨਸ਼ਨਰਜ਼ ਨੂੰ ਨਵੀਆਂ ਦਰਾਂ ਤੇ ਮਹਿੰਗਾਈ ਰਾਹਤ ਦਾ ਭੁਗਤਾਨ ਕਰਨ ਬਾਰੇ ਆਦੇਸ਼ ਜਾਰੀ ਕਰ ਦਿੱਤੇ ਜਾਂਦੇ ਹਨ ਅਤੇ ਅਜਿਹੇ ਆਦੇਸ਼ਾਂ ਦੀਆਂ ਨਕਲਾਂ ਈ ਮੇਲ ਅਤੇ ਫੈਕਸ ਦੁਆਰਾ ਏਜੰਸੀ ਬੈਂਕਾਂ ਦੇ ਮੁੱਖੀਆਂ ਨੂੰ ਤੁਰੰਤ ਭੇਜ ਦਿੱਤੀਆਂ ਜਾਂਦੀਆਂ ਹਨ ਅਤੇ ਨਾਲ ਹੀ ਮਹਿੰਗਾਈ ਰਾਹਤ ਦੇ ਤੇਜ਼ੀ ਨਾਲ ਭੁਗਤਾਨ ਲਈ ਜ਼ਰੂਰੀ ਕਾਰਵਾਈਂ ਕਰਨ ਲਈ ਹਦਾਇਤਾਂ ਵੀ ਭੇਜੀਆਂ ਜਾਂਦੀਆਂ ਹਨ।

II. ਇਨ੍ਹਾਂ ਆਦੇਸ਼ਾਂ ਨੂੰ ਮਿਨੀਸਟਰੀ ਆਫ ਪਰਸੋਨਲ, ਪਬਲਿਕ ਗ੍ਰੀਵੈਂਸ਼ ਐਂਡ ਪੈਨਸ਼ਨ ਦੀ ਵੈਬਸਾਈਟ (http:www.persmin.nic.in) ਤੇ ਪਾਇਆ ਜਾਂਦਾ ਹੈ।

III. ਇਨ੍ਹਾਂ ਆਦੇਸ਼ਾਂ ਦੀਆਂ ਨਕਲਾਂ ਡਾਕ ਰਾਹੀਂ ਸਾਰੇ ਏਜੰਸੀ ਬੈਂਕਾਂ ਦੇ ਪ੍ਰਮੁੱਖਾਂ ਨੂੰ ਵੀ ਭੇਜੀਆਂ ਜਾਂਦੀਆਂ ਹਨ ਅਤੇ ਭਾਰਤੀ ਬੈਂਕਸ ਐਸੋਸੀਏਸ਼ਨ ਦੁਆਰਾ ਇਨ੍ਹਾਂ ਨੂੰ ਪ੍ਰਮੁੱਖ ਅਖ਼ਬਾਰਾਂ ਵਿਚ ਪ੍ਰਕਾਸ਼ਤ ਕਰਵਾਇਆ ਜਾਂਦਾ ਹੈ।

ਅੱਗੇ ਤੋਂ ਭਾਰਤੀ ਰਿਜ਼ਰਵ ਬੈਂਕ ਮਹਿੰਗਾਈ ਰਾਹਤ ਬਾਰੇ ਸਰਕਾਰੀ ਆਦੇਸ਼ਾਂ ਨੂੰ ਏਜੰਸੀ ਬੈਂਕਾਂ ਤੱਕ ਨਹੀਂ ਭਿਜਵਾਏਗਾ।

4. ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਪੈਨਸ਼ਨ ਰਾਸ਼ੀ ਦੀ ਵੰਡ ਮਹਿੰਗਾਈ ਰਾਹਤ ਦਾ ਭੁਗਤਾਨ (ਆਰ ਬੀ ਆਈ/2006/296)

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਨੰ:ਐਚ-11303/45.01.003/2005-06 ਮਿਤੀ 06 ਫਰਵਰੀ, 2006)*

ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੇ ਬੈਂਕਾਂ ਨੂੰ ਸਰਕਾਰੀ ਆਦੇਸ਼ਾਂ ਦੀਆਂ ਨਕਲਾਂ ਤੁਰੰਤ ਪ੍ਰਾਪਤ ਕਰਕੇ ਇਨ੍ਹਾਂ ਨੂੰ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾ ਕੋਲ ਭਿਜਵਾਉਣ ਦੀ ਸਲਾਹ ਦਿੱਤੀ ਗਈ ਸੀ ਤਾਂ ਜੋ ਪੈਨਸ਼ਨਰ ਸਰਕਾਰ ਦੁਆਰਾ ਘੋਸ਼ਿਤ ਕੀਤੇ ਗਏ ਲਾਭ ਅਗਲੇ ਮਹੀਨੇ ਪੈਨਸ਼ਨ ਦੇ ਭੁਗਤਾਨ ਨਾਲ ਹੀ ਪ੍ਰਾਪਤ ਕਰ ਸਕਣ।

ਏਜੰਸੀ ਬੈਂਕਾਂ ਦੇ ਨਿਯੰਤ੍ਰਕ ਦਫ਼ਤਰਾਂ/ਪ੍ਰਮੁੱਖ ਦਫ਼ਤਰਾਂ ਨੂੰ ਚਾਹੀਦਾ ਹੈ ਕਿ ਉਹ ਯੋਗ ਪੈਨਸ਼ਨਰਜ਼ ਨੂੰ ਸਰਕਾਰੀ ਪੈਨਸ਼ਨ ਰਾਸ਼ੀ ਦੇ ਸਮੇਂ ਸਿਰ ਅਤੇ ਠੀਕ ਭੁਗਤਾਨ ਤੇ ਨੇੜੇ ਤੋਂ ਧਿਆਨ ਅਤੇ ਨਿਰੀਖਣ ਰੱਖਣ। ਇਸ ਤੋਂ ਇਲਾਵਾ ਕੇਂਦਰੀ ਨਾਗਰਿਕ ਅਤੇ ਰੇਲਵੇ ਪੈਨਸ਼ਨਰਜ਼ ਦੇ ਮਾਮਲਿਆਂ ਵਿਚ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੇ ਬੈਂਕਾਂ ਨੂੰ ਚਾਹੀਦਾ ਹੈ ਕਿ ਉਹ ਪਾਸ ਬੁੱਕ ਦੇ ਪਹਿਲੇ ਪੰਨੇ ਤੇ ਫਾਰਮ "ਏ" ਅਤੇ "ਬੀ" ਅਨੁਸਾਰ ਮਨੋਨੀਤ ਕੀਤੇ ਗਏ ਵਿਅਕਤੀਆਂ ਦੇ ਨਾਮ ਬਾਰੇ ਪੁਸ਼ਟੀ ਕਰ ਲੈਣ ਅਤੇ ਸ਼ਾਖਾਵਾਂ ਨੂੰ ਸਲਾਹ ਦਿੱਤੀ ਜਾ ਸਦੀ ਹੈ ਕਿ ਉਹ ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਪੈਨਸ਼ਨਰਜ਼ ਨੂੰ ਸਰਕਾਰੀ ਪੈਨਸ਼ਨ ਰਾਸ਼ੀ ਵੰਡਣ ਬਾਰੇ ਯੋਜਨਾਵਾਂ ਵਿਚ ਨਿਰਧਾਰਿਤ ਕਾਰਜ ਵਿੱਧੀ ਤੇ ਈਮਾਨਦਾਰੀ ਨਾਲ ਅਮਲ ਨੂੰ ਪਾਲਿਸੀ ਬਣਾਉਣ ਆਪਣੇ ਕਰਮਚਾਰੀਆਂ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਸਬੰਧੀ ਯੋਜਨਾਵਾਂ/ਨਿਯਮਾਂ ਬਾਰੇ ਚੰਗੀ ਜਾਣਕਾਰੀ ਦੇਣ ਲਈ ਬੈਂਕ ਇਸ ਨੂੰ ਆਪਣੀਆਂ ਸਿਖਲਾਈ ਸਬੰਧੀ ਸੰਸਥਾਵਾਂ ਦੁਆਰਾ ਕੀਤੇ ਗਏ ਸਿਖਲਾਈ ਪ੍ਰੋਗਰਾਮਾਂ ਦਾ ਅਟੁੱਟ ਹਿੱਸਾ ਬਣਾ ਸਕਦੇ ਹਨ।

## 5. ਫਾਰਮ "ਏ" ਅਤੇ "ਬੀ" ਵਿਚ ਨਾਮਾਂਕਣ ਦੀ ਸਵੀਕ੍ਰਿਤੀ ਸੈਂਟ੍ਰਲ ਸਿਵਲ ਪੈਨਸ਼ਨ

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਨੰ:ਐਚ-94/45.05.031/2004-05 ਮਿਤੀ 24 ਅਗਸਤ, 2004)*

ਪੈਨਸ਼ਨਰਜ਼ ਅਤੇ ਉਨ੍ਹਾਂ ਦੇ ਵਾਰਿਸਾਂ ਦੀ ਅਸੁਵਿਧਾ ਨੂੰ ਦੂਰ ਕਰਨ ਲਈ ਸਰਕਾਰ ਦੁਆਰਾ ਇਹ ਸਲਾਹ ਦਿੱਤੀ ਗਈ ਹੈ ਕਿ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸਾਰੀਆਂ ਬੈਂਕ ਸ਼ਾਖਾਵਾਂ ਦੁਆਰਾ ਵਾਰਿਸਾਂ ਨੂੰ ਪੈਨਸ਼ਨ ਰਾਸ਼ੀ ਦੇ ਬਕਾਏ ਦੇ ਭੁਗਤਾਨ ਲਈ ਪੈਨਸ਼ਨਰਜ਼ ਦੁਆਰਾ ਫਾਰਮ "ਏ ਜਾਂ" "ਬੀ" ਵਿਚ ਕੀਤੇ ਗਏ ਨਾਮਾਂਕਣ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

6. ਪੈਨਸ਼ਨ ਰਾਸ਼ੀ ਦੇ ਬਕਾਏ ਦੇ ਭੁਗਤਾਨ ਲਈ ਰੇਲਵੇ ਦੇ ਪੈਨਸ਼ਨਰਜ਼ ਦੇ ਸਬੰਧ ਵਿਚ ਨਾਮਾਂਕਣ (ਫਾਰਮ "ਏ" ਅਤੇ "ਬੀ") ਦੀ ਸਵੀਕ੍ਰਿਤੀ

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਨੰ:ਐਚ-3611/45.03.002/2005-06 ਮਿਤੀ 10 ਅਕਤੂਬਰ, 2005)*

ਪੈਨਸ਼ਨਰਜ਼ ਨੂੰ ਅਸੁਵਿਧਾ ਨਾ ਹੋਵੇ, ਇਸ ਵਿਚਾਰ ਨਾਲ ਰੇਲ ਮੰਤਰਾਲਿਆ (ਰੇਲਵੇ ਬੋਰਡ) ਨੇ ਰੇਲਵੇ ਪੈਨਸ਼ਨਰਜ਼ ਲਈ ਵੀ ਸੈਂਟ੍ਰਲ ਪੈਨਸ਼ਨ ਅਕਾਂਉਟਿੰਗ ਆਫਿਸ (ਸੀ ਪੀ ਏ ਓ) ਦੁਆਰਾ ਨਿਰਧਾਰਤ ਫਾਰਮਾਂ ( "ਏ" ਅਤੇ "ਬੀ" ) ਵਿਚ ਕੀਤੇ ਗਏ ਨਾਮਾਂਕਣ ਨੂੰ ਅਪਣਾਉਣ ਦਾ ਫੈਸਲਾ ਕੀਤਾ ਹੈ। ਏਜੰਸੀ ਬੈਂਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸਾਰੀਆਂ ਸ਼ਾਖਾਵਾਂ ਨੂੰ ਜ਼ਰੂਰੀ ਹਦਾਇਤਾਂ ਜਾਰੀ ਕਰਨ ਕਿ ਉਹ ਰੇਲਵੇ ਪੈਨਸ਼ਰਜ ਦੁਆਰਾ ਪੈਨਸ਼ਨ ਰਾਸ਼ੀ ਦੇ ਬਕਾਏ ਦੇ ਭੁਗਤਾਨ ਲਈ ਆਪਣੇ ਵਾਰਸਾਂ ਦੇ ਹੱਕ ਵਿਚ ਨਾਮਾਂਕਣ ਫਾਰਮਾਂ "ਏ" ਜਾਂ "ਬੀ" ਜੋ ਵੀ ਸੂਰਤ ਹੋਵੇ, ਵਿਚ ਕੀਤੇ ਨਾਮਾਂਕਣ ਨੂੰ ਸਵੀਕਾਰ ਕਰਨ।

7. ਭਾਰਤ ਸਰਕਾਰ ਅਧੀਨ ਨਿਯੁਕਤੀ ਵਿਚ ਰਹਿੰਦੇ ਹੋਏ ਸਰਵ ਭਾਰਤੀ ਸੇਵਾ ਦੇ ਅਧਿਕਾਰੀਆਂ ਨੂੰ ਪੈਨਸ਼ਨਾਂ ਅਤੇ ਸੇਵਾਮੁਕਤੀ ਨਾਲ ਜੁੜੇ ਹੋਰ ਲਾਭਾਂ ਦੇ ਭੁਗਤਾਨ ਲਈ ਪ੍ਰਕਿਰਿਆ ਨੂੰ ਲਾਗੂ ਕਰਨਾ।

*(ਹਵਾਲਾ : ਡੀ ਜੀ ਬੀ ਏ. ਜੀ ਏ ਡੀ. ਨੰ: 612-644/45.01.001/2004-05 ਮਿਤੀ 7 ਅਕਤੂਬਰ, 2004)*

ਏਜੰਸੀ ਬੈਂਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕੇਂਦਰੀ ਸਰਕਾਰ ਅਧੀਨ ਨਿਯੁਕਤੀ ਤੇ ਰਹਿੰਦੇ ਹੋਏ ਸਰਵ ਭਾਰਤੀ ਸੇਵਾ ਦੇ ਅਧਿਕਾਰੀਆਂ ਦੇ ਸੇਵਾਮੁਕਤ ਤੇ ਉਨ੍ਹਾਂ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਲਈ ਹੇਠ ਦਿੱਤੀ ਅਕਾਉਟਿੰਗ ਪ੍ਰਕਿਰਿਆ ਤੇ ਅਸਲ ਕਰਨ:

(i) ਸਰਵ ਭਾਰਤੀ ਸੇਵਾ ਦਾ ਪੈਨਸ਼ਨਰਜ਼ ਲਈ ਪੀ ਪੀ ਓ ਨੰਬਰ ਵਿਚ ਕੇਂਦਰੀ ਸਿਵਲ ਪੈਨਸ਼ਨ ਲਈ ਵਰਤੇ ਜਾਣ ਵਾਲੇ 12 ਅੰਕਾਂ ਵਾਲੇ ਸੰਖਿਆਤਮਕ ਭਾਗ ਤੋਂ ਇਲਾਵਾ

ਇਕ ਅਗੇਤਰ ਸ਼ਾਮਲ ਹੋਵੇਗਾ ਜਿਸ ਵਿਚ ਸੇਵਾ ਅਤੇ ਉਸ ਨਾਲ ਸਬੰਧਤ ਰਾਜ ਦਾ ਕਾਡਰ ਸ਼ਾਮਲ ਹੋਵੇਗਾ। ਉਦਾਹਰਣ ਲਈ ਪੰਜਾਬ ਕਾਡਰ ਦੇ ਕਿਸੇ ਆਈ ਏ ਐਸ ਅਧਿਕਾਰੀ ਦਾ ਪੀ ਪੀ ਓ ਨੰਬਰ ਹੋਵੇਗਾ-ਆਈ ਏ ਐਸ/ਪੰਜਾਬ/438840400191

(ii) ਸੀ ਪੀ ਏ ਓ ਦੁਆਰਾ ਜਾਰੀ ਕੀਤੀ ਗਈ ਵਿਸ਼ੇਸ਼ ਅਧਿਕਾਰ(ਐਸ ਐਸ ਏ ) ਨੀਲੇ ਰੰਗ ਵਿਚ ਹੋਵੇਗੀ ਤਾਂ ਜੋ ਇਸ ਨੂੰ ਸੈਂਟ੍ਰਲ ਸਿਵਲ ਪੈਨਸ਼ਨਰਜ਼ ਲਈ ਜਾਰੀ ਕੀਤੇ ਅਧਿਕਾਰਾਂ ਤੋਂ ਵੱਖ ਰੱਖਿਆ ਜਾ ਸਕੇ। ਇਸ ਤੋਂ ਇਲਾਵਾ ਇਸ ਅਧਿਕਾਰ ਵਿਚ ਉਸ ਰਾਜ ਸਰਕਾਰ ਬਾਰੇ ਵੀ ਸੰਕੇਤ ਹੋਵੇਗਾ ਜਿਸ ਦੇ ਖਾਤੇ ਵਿਚੋਂ ਪੈਨਸ਼ਨ ਰਾਸ਼ੀ ਕਢਵਾਈ ਜਾਣੀ ਹੈ।

(iv) ਐਸ ਐਸ ਏ ਦੀ ਇਕ ਕਾਪੀ ਸਬੰਧਤ ਅਕਾਉਂਟੈਂਟ ਜਨਰਲ ਦੀ ਸੂਚਨਾ ਹਿਤ ਅਤੇ ਰਿਕਾਰਡ ਲਈ ਭੇਜੀ ਜਾਵੇਗੀ।

(v) ਬੈਂਕ ਦੀਆਂ ਭੁਗਤਾਨ ਕਰਨ ਵਾਲੀਆਂ ਸਬੰਧਤ ਸ਼ਾਖਾਵਾਂ ਪੈਨਸ਼ਨਰਜ਼ ਦੀ ਪਛਾਣ ਕਰਨ ਲਈ ਜ਼ਰੂਰੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨਗੀਆਂ ਅਤੇ ਸਰਵ ਭਾਰਤੀ ਸੇਵਾ ਦੇ ਉਸ ਪੈਨਸ਼ਨਰ ਦਾ ਨਾਮ ਰਾਜ ਸਰਕਾਰ ਦੇ ਪੈਨਸ਼ਨਰਜ਼ ਦੀ ਤਿਆਰ ਕੀਤੀ ਗਈ ਸੂਚੀ ਵਿਚ ਕਰਨਗੀਆਂ ਜਿਸ ਨੂੰ ਕੀਤੇ ਗਏ ਭੁਗਤਾਨ ਦੀ ਵਾਪਸੀ ਲਈ ਰਿਜ਼ਰਵ ਬੈਂਕ/ਸਟੇਟ ਬੈਂਕ ਜੋ ਵੀ ਉਚਿੱਤ ਹੋਵੇ, ਦੀਆਂ ਵਾਪਸੀ ਸਬੰਧੀ ਸ਼ਾਖਾਵਾਂ ਕੋਲ ਭੇਜਿਆ ਜਾਵੇਗਾ। ਅਜਿਹੀਆਂ ਸੂਚੀਆਂ ਤੇ ਕੇਂਦਰੀ ਸਰਕਾਰ ਦੇ ਸਿਵਲ ਪੈਨਸ਼ਨਰਜ਼ ਦੀ ਪੈਨਸ਼ਨ ਵਾਪਸੀ ਲਈ ਸਿੰਗਲ ਵਿੰਡੋ ਸਿਸਟਮ ਅਧੀਨ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਇਸ ਲਈ ਇਨ੍ਹਾਂ ਨੂੰ ਸੀ ਪੀ ਏ ਓ ਕੋਲ ਨਹੀਂ ਭੇਜਿਆ ਜਾਣਾ ਚਾਹੀਦਾ।

(vi) ਵਾਪਸੀ ਦੇਣ ਵਾਲੀਆਂ ਸ਼ਾਖਾਵਾਂ ਰਾਜ ਸਰਕਾਰ ਦੇ ਪੈਨਸ਼ਨਰਜ਼ ਲਈ ਨਿਰਧਾਰਤ ਪ੍ਰਕਿਰਿਆ ਤੇ ਅਮਲ ਕਰਨਗੀਆਂ ਅਤੇ ਰਿਜ਼ਰਵ ਬੈਂਕ ਸੀ ਏ ਐਸ, ਨਾਗਪੁਰ ਨੂੰ ਸੂਚਿਤ ਕਰਨਗੀਆਂ ਅਤੇ ਇਨ੍ਹਾਂ ਸੂਚੀਆਂ ਨੂੰ ਸਬੰਧਤ ਅਕਾਉਂਟੈਂਟ ਜਨਰਲ ਕੋਲ ਭੇਜ ਦੇਣਗੀਆਂ।

(vii) ਭਾਰਤੀ ਰਿਜ਼ਰਵ ਬੈਂਕ, ਸੀ ਏ ਐਸ, ਨਾਗਪੁਰ, ਪ੍ਰਕਿਰਿਆ ਅਨੁਸਾਰ ਇਹ ਰਾਸ਼ੀ ਸਬੰਧਤ ਰਾਜ ਸਰਕਾਰ ਦੇ ਖਾਤੇ ਦੇ ਨਾਮ ਪਾ ਦੇਵੇਗਾ।

8. ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਫਰਜ਼ੀ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਬਾਰੇ ਯੋਜਨਾ ਪੈਨਸ਼ਨ ਰਾਸ਼ੀ ਦੇ ਭੁਗਤਾਨ ਸਬੰਧੀ ਸੂਚੀਆਂ ਭੇਜਣ ਵਿਚ ਦੇਰੀ ਅਤੇ ਫਰਜ਼ੀ ਅਤੇ ਧੋਖੇਬਾਜ਼ੀ ਵਾਲੇ ਭੁਗਤਾਨਾਂ ਤੋਂ ਬਚਣ ਲਈ ਉਪਾਅ

*(ਹਵਾਲਾ : ਡੀ ਜੀ ਬੀ ਏ. ਜੀ ਏ ਡੀ. ਨੰ: 867/899/45.02.001/2004-05 18 ਅਕਤੂਬਰ, 2004)*

ਇਹ ਦੇਖਿਆ ਗਿਆ ਹੈ ਕਿ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੇ ਬੈਂਕਾਂ ਦੁਆਰਾ ਪੈਨਸ਼ਨ ਰਾਸ਼ੀ ਦੇ ਭੁਗਤਾਨ ਸਬੰਧੀ ਸੂਚੀਆਂ ਨੂੰ ਪੈਨਸ਼ਨ ਅਧਿਕਾਰੀਆਂ ਕੋਲ ਭੇਜਣ ਵਿਚ ਦੋ ਤੋਂ ਤਿੰਨ ਮਹੀਨਿਆਂ ਦਾ ਸਮਾਂ ਲੱਗ ਜਾਂਦਾ ਹੈ।

ਇਹ ਸੂਚੀਆਂ ਆਮ ਤੌਰ ਤੇ ਥੱਬਿਆਂ ਦੇ ਰੂਪ ਵਿਚ ਹੁੰਦੀਆਂ ਹਨ। ਇਸ ਸਬੰਧ ਵਿਚ ਪੁਸਤਕਾਂ "ਸਕੀਮ ਫਾਰ ਪੇਮੈਂਟ ਆਫ ਪੈਨਸ਼ਨ ਟੂ ਡਿਫੈਂਸ ਪੈਨਸ਼ਨਰਜ਼" ਦੇ ਪੈਰਾਗ੍ਰਾਫ 9 (6) 10 ਅਤੇ 11 ਵੱਲ ਧਿਆਨ ਦਿਵਾਇਆ ਜਾਂਦਾ ਹੈ ਜਿਸ ਵਿਚ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ, ਲਿੰਕ ਸ਼ਾਖਾਵਾਂ, ਲਿੰਕ ਸ਼ਾਖਾਵਾਂ ਅਤੇ ਭੁਗਤਾਨ ਦੀ ਵਾਪਸੀ ਰਨ ਵਾਲੀਆਂ ਸ਼ਾਖਾਵਾਂ ਦੁਆਰਾ ਪੈਨਸ਼ਨ ਰਾਸ਼ੀ ਦੇ ਭੁਗਤਾਨ ਸਬੰਧੀ ਸੂਚੀਆਂ ਨੂੰ ਭੇਜਣ ਦੀ ਕਾਰਵਾਈ ਸਪਸ਼ਟ ਤੌਰ ਤੇ ਨਿਰਧਾਰਿਤ ਕੀਤੀ ਗਈ ਹੈ। ਸਾਰੀ ਪ੍ਰਕਿਰਿਆ ਨੂੰ ਨਿਸ਼ਚਿਤ ਅਵਧੀ ਅੰਦਰ ਪੂਰਾ ਕਰਨਾ ਹੁੰਦਾ ਹੈ ਤਾਂ ਜੋ ਭੁਗਤਾਨ ਸਬੰਧੀ ਸੂਚੀਆਂ ਪੀ ਸੀ ਡੀ ਏ (ਪੈਨਸ਼ਨ) ਇਲਾਹਾਬਾਦ ਦੇ ਦਫ਼ਤਰ ਵਿਚ ਅੰਤਿਮ ਤੌਰ ਤੇ ਅਗਲੇ ਮਹੀਨੇ ਦੀ 15 ਤਾਰੀਖ ਤੱਕ ਪ੍ਰਾਪਤ ਹੋ ਜਾਣ (ਮਾਰਚ ਮਹੀਨੇ ਨਾਲ ਸਬੰਧਤ ਸੂਚੀਆਂ ਨੂੰ ਛੱਡ ਕੇ ਜੋ ਕਿ ਸਦਾ ਹਰ ਸਾਲ ਅਪ੍ਰੈਲ ਮਹੀਨੇ ਦੇ ਤੀਜੇ ਹਫ਼ਤੇ ਤੱਕ ਪ੍ਰਾਪਤ ਹੋ ਜਾਣੀਆਂ ਚਾਹੀਦੀਆਂ ਹਨ।

ਪੀ ਸੀ ਡੀ ਏ (ਪੈਨਸ਼ਨ) ਦੇ ਦਫ਼ਤਰ ਦੁਆਰਾ ਇਹ ਵੀ ਦੇਖਿਆ ਗਿਆ ਹੈ ਕਿ ਕੁਝ ਮਾਮਲਿਆਂ ਵਿਚ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ ਦੁਆਰਾ ਨਿਰਧਾਰਿਤ ਜਾਂਚ ਪੜਤਾਲ ਕੀਤੇ ਬਿਨਾਂ ਫਰਜ਼ੀ ਅਤੇ ਜਾਅਲੀ ਪੀ ਪੀ ਓ ਦੇ ਆਧਾਰ ਤੇ ਗ੍ਰੈਚਿਊਟੀ ਅਤੇ ਕਮਿਊਟੇਸ਼ਨ ਰਾਸ਼ੀ ਦਾ ਭੁਗਤਾਨ ਧੋਖੇਬਾਜ਼ਾਂ ਨੂੰ ਕੀਤਾ ਗਿਆ ਹੈ। ਇਹ

ਦੇਖਿਆ ਗਿਆ ਹੈ ਕਿ ਪੈਨਸ਼ਨ ਰਾਸ਼ੀ ਦੇ ਪਹਿਲੇ ਭੁਗਤਾਨ ਦੇ ਮਾਮਲਿਆਂ ਵਿਚ ਜਾਂ ਤਾਂ ਸੂਚੀਆਂ ਵਿਚ ਪੀ ਪੀ ਓ ਨੰਬਰ ਨਹੀਂ ਲਿਖੇ ਗਏ ਸਨ ਜਾਂ ਫੇਰ ਗਲਤ ਪੀ ਪੀ ਓ ਨੰਬਰ ਲਿਖੇ ਗਏ ਸਨ। ਜਿਸ ਕਰਕੇ ਭੁਗਤਾਨ ਦੇ ਸਹੀ ਹੋਣ ਬਾਰੇ ਤਸਦੀਕ ਕਰਨਾ ਕਠਿਨ ਸੀ। ਇਸ ਤੋਂ ਇਲਾਵਾ ਇਨ੍ਹਾਂ ਭੁਗਤਾਨਾਂ ਨੂੰ ਫਰਜ਼ੀ ਪੈਨਸ਼ਨਰਜ਼ ਦੀਆਂ ਨਿਯਮਤ ਮਾਸਿਕ ਭੁਗਤਾਨ ਨਾਲ ਪੈਨਸ਼ਨ ਰਾਸ਼ੀ ਸਬੰਧੀ ਮੁੱਖ ਸੂਚੀਆਂ ਪਰ ਦਿਖਾਇਆ ਜਾ ਰਿਹਾ ਹੈ।

ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ/ਲਿੰਕ ਸ਼ਾਖਾਵਾਂ/ਭੁਗਤਾਨ ਦੀ ਵਾਪਸੀ ਰਨ ਵਾਲੀਆਂ ਸ਼ਾਖਾਵਾਂ ਨੂੰ ਨਿਮਨਲਿਖਤ ਨੂੰ ਯਕੀਨੀ ਬਣਾਉਣ ਲਈ ਵੱਧ ਕੁਸ਼ਲ ਪ੍ਰਣਾਲੀ ਲਾਗੂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

(i) ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ ਦੁਆਰਾ ਪੈਨਸ਼ਨ ਰਾਸ਼ੀ ਦੇ ਭੁਗਤਾਨ ਸਬੰਧੀ ਸੂਚੀਆਂ ਨਿਰਧਾਰਤ ਸਮੇਂ ਅੰਦਰ (ਅਗਲੇ ਮਹੀਨੇ ਦੀ 10 ਤਾਰੀਖ ਤੱਕ) ਲਿੰਕ ਸ਼ਾਖਾਵਾਂ ਨੂੰ ਭੇਜਿਆ ਜਾਣਾ। ਸੂਚੀਆਂ ਦੇ ਥੱਬੇ ਨਾ ਬਣਾਏ ਜਾਣ।

(ii) ਲਿੰਕ ਸ਼ਾਖਾਵਾਂ ਦੁਆਰਾ ਸੂਚੀ ਦੀ ਅਸਲ ਕਾਪੀ ਦੇ ਨਾਲ ਸਮਰੀ ਸ਼ੀਟ ਅਤੇ ਸਮਰੀ ਦਸਤਾਵੇਜ਼ਾਂ ਨੂੰ ਡਿਸਬਰਸਿੰਗ ਬੈਂਕਾਂ (ਆਰ ਬੀ ਆਈ/ਐਸ ਬੀ ਆਈ, ਆਦਿ ਜੋ ਵੀ ਉਚਿੱਤ ਹੋਵੇ) ਕੋਲ ਹਰ ਮਹੀਨੇ ਦੀ 11 ਤਾਰੀਖ ਤੱਕ ਭਿਜਵਾਉਣਾ।

(iii) ਭੁਗਤਾਨ ਦੀ ਵਾਪਸੀ ਕਰਨ ਵਾਲੇ ਬੈਂਕਾਂ ਦੁਆਰਾ ਸਰਕਾਰੀ ਖਾਤੇ ਵਿਚ ਡੇਬਿਟ ਰਾਹੀਂ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੇ ਬੈਂਕ ਨੂੰ ਭੁਗਤਾਨ ਦੀ ਵਾਪਸੀ ਕਰਨ ਤੋਂ ਬਾਅਦ ਸੂਚੀ ਦੀ ਅਸਲ ਕਾਪੀ ਨੂੰ ਸਿੰਧੇ ਹੀ ਸੀ ਡੀ ਏ (ਪੈਨਸ਼ਨ) ਇਲਾਹਾਬਾਦ ਨੂੰ ਭੇਜਣਾ ਤਾਂ ਜੋ ਇਹ ਪੀ ਸੀ ਡੀ ਏ (ਪੈਨਸ਼ਨ) ਕੋਲ ਅਗਲੇ ਮਹੀਨੇ ਦੀ 15 ਤਾਰੀਖ ਤੱਕ ਪਹੁੰਚ ਜਾਣ ਮਾਰਚ ਮਹੀਨੇ ਦੀਆਂ ਸੂਚੀਆਂ ਨੂੰ ਛੱਡ ਕੇ।

(iv) ਪੈਨਸ਼ਨ ਰਾਸ਼ੀ ਦੇ ਪਹਿਲੇ ਭੁਗਤਾਨਾਂ ਦੇ ਮਾਮਲਿਆਂ ਵਿਚ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ ਦੁਆਰਾ ਸੂਚੀਆਂ ਨੂੰ ਧਿਆਨ ਪੂਰਵਕ ਤਿਆਰ

ਕੀਤਾ ਜਾਣਾ ਚਾਹੀਦਾ ਹੈ। ਜਿਸ ਵਿਚ ਹਰੇਕ ਪੈਨਸ਼ਨਰ ਦੇ ਨਾਮ ਦੇ ਸਾਹਮਣੇ ਸਹੀ ਪੀ ਪੀ ਓ ਨੰਬਰ ਅਤੇ ਗ੍ਰੈਚਿਯੂਟੀ ਅਤੇ ਕਮਿਯੂਟੇਸਨ ਰਾਸ਼ੀ ਲਿਖੀ ਜਾਵੇ ਅਤੇ ਇਸ ਨੂੰ ਹਰ ਮਹੀਨੇ ਅਲੱਗ ਤੋਂ ਭੇਜਿਆ ਜਾਵੇ। ਇਸ ਤੋਂ ਇਲਾਵਾ ਨਿਯਮਤ ਮਾਸਿਕ ਭੁਗਤਾਨ ਦੇ ਮਾਮਲਿਆਂ ਸਬੰਧੀ ਸੂਚੀਆਂ ਜੋ ਕਿ ਵੱਖਰੀ ਸਮਰੀਸ਼ੀਟ ਦੇ ਨਾਲ ਵੱਖਰੇ ਤੌਰ ਤੇ ਤਿਆਰ ਕਰਕੇ ਭੇਜਣਾ ਜਾਰੀ ਰਹੇਗਾ।

(v) ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ ਦੁਆਰਾ ਨਿਯਮਤ ਰੂਪ ਵਿਚ ਮਾਸਿਕ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੇ ਮਾਮਲਿਆਂ ਅਤੇ ਪੈਨਸ਼ਨ ਦੇ ਪਹਿਲੇ ਭੁਗਤਾਨ ਦੇ ਮਾਮਲਿਆਂ ਸਬੰਧੀ ਵੱਖੋ ਵੱਖ ਸਮਰੀ ਸ਼ੀਟਾਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

## 9. ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਰੇਲਵੇ ਦੇ ਪੈਨਸ਼ਨਰਸ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ ਫਰਜ਼ੀ ਭੁਗਤਾਨਾਂ ਤੋਂ ਬਚਣ ਦੇ ਉਪਾਅ।

*(ਨੰਃਆਰ ਬੀ ਆਈ / 2005/334) (ਹਵਾਲਾਃ ਡੀ ਜੀ ਬੀ ਏ. ਜੀ ਏ ਡੀ. ਨੰਃਐਚ 3389-3421/45.02.01/2004-05 ਮਿਤੀ 6 ਜਨਵਰੀ, 2005)*

ਰੇਲ ਮੰਤਰਾਲਿਆ ਭਾਰਤ ਸਰਕਾਰ ਰੇਲਵੇ ਬੋਰਡ ਨੇ ਸਾਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੇ ਨਿਗਰਾਨੀ ਵਿਭਾਗ ਨੇ ਜਾਅਲਸਾਜੀ ਦੇ ਮਾਮਲਿਆਂ ਦਾ ਪਤਾ ਲਗਾਇਆ ਹੈ ਜਿਨ੍ਹਾਂ ਵਿਚ ਸਰਕਾਰੀ ਖੇਤਰ ਦੇ ਕੁਝ ਬੈਂਕਾਂ ਦੁਆਰਾ ਫਰਜ਼ੀ ਪੀ ਪੀ ਓਜ ਵਿਰੁੱਧ ਪੈਨਸ਼ਨ ਰਾਸ਼ੀ/ਪੈਨਸ਼ਨ ਰਾਸ਼ੀ ਦੇ ਬਕਾਏ ਦਾ ਭੁਗਤਾਨ ਅਣਅਧਿਕਾਰਤ ਵਿਅਕਤੀਆਂ ਨੂੰ ਕੀਤਾ ਗਿਆ ਹੈ। ਉਨ੍ਹਾਂ ਨੇ ਇਹ ਵੀ ਦੇਖਿਆ ਹੈ ਕਿ ਅਜਿਹੇ ਜਾਅਲੀ ਭੁਗਤਾਨ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ ਦੁਆਰਾ ਨਿਰਧਾਰਿਤ ਜਾਂਚ ਪੜਤਾਲ ਕੀਤੇ ਬਿਨਾਂ ਅਰਥਾਤ ਹਸਤਾਖਰ ਕਰਨ ਲਈ ਅਧਿਕ੍ਰਿਤ ਅਧਿਕਾਰੀ ਦੇ ਹਸਤਾਖਰਾਂ ਤੋਂ ਰਹਿਤ ਕੈਲਕੂਲੇਸ਼ਨ ਸ਼ੀਟ ਤੇ ਭਰੋਸਾ ਕਰਦਿਆਂ ਅਤੇ ਨਿਰਧਾਰਿਤ ਪ੍ਰਕਿਰਿਆਵਾਂ ਖਾਸ ਕਰਕੇ ਪੀ

ਪੀ ਓਜ ਨੂੰ ਬੈਂਕਾਂ ਰਾਹੀਂ ਪ੍ਰਾਪਤ ਕਰਨ ਸਬੰਧੀ ਪ੍ਰਕਿਰਿਆ, ਨੂੰ ਪੂਰਾ ਨਾ ਕਰਦੇ ਹੋਏ ਭੁਗਤਾਨ ਕਰ ਦੇਣਾ। ਰੇਲਵੇ ਪੈਨਸ਼ਨ ਦਾ ਭੁਗਤਾਨ ਰਨ ਵਾਲੀਆਂ ਸ਼ਾਖਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਫਰਜ਼ੀ ਪੀ ਪੀ ਓਜ ਵਿਰੁੱਧ ਜਾਅਲੀ ਭੁਗਤਾਨਾਂ ਤੋਂ ਬਚਣ ਲਈ ਰੇਲ ਮੰਤਰਾਲਿਆ (ਰੇਲਵੇ ਬੋਰਡ) ਦੁਆਰਾ ਰੇਲਵੇ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੀ ਵੰਡ ਲਈ ਬਣਾਈ ਗਈ ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਰੇਲਵੇ ਪੈਨਸ਼ਨ ਦੇ ਭੁਗਤਾਨ ਲਈ ਯੋਜਨਾ ਅਧੀਨ ਨਿਰਧਾਰਿਤ ਪ੍ਰਕਿਰਿਆ ਤੇ ਗੰਭੀਰਤਾ ਨਾਲ ਅਮਲ ਕਰਨ।

## 10. ਸੈਂਟ੍ਰਲ ਸਿਵਲ ਪੈਨਸ਼ਨ ਦਾ ਭੁਗਤਾਨ ਪੈਨਸ਼ਨ ਪੇਮੈਂਟ ਆਰਡਰਜ਼ (ਪੀ ਪੀ ਓਜ) ਦੇ ਦੋਵੇਂ ਅਰਧ ਭਾਗਾਂ ਵਿਚ ਮਹਿੰਗਾਈ ਰਾਹਤ ਦਾ ਇੰਦਰਾਜ ਕਰਨਾ

*(ਹਵਾਲਾ ਡੀ ਜੀ ਬੀ ਏ ਜੀ ਏ ਡੀ ਨੰ:ਐਚ 3452-3485/45.01.001/2004-05 ਮਿਤੀ 11 ਜਨਵਰੀ, 2005*

ਸਾਨੂੰ ਇਹ ਪਤਾ ਚਲਿਆ ਹੈ ਕਿ ਜਦੋਂ ਵੀ ਮੂਲ ਦਰਾਂ ਵਿਚ ਕੋਈ ਪਰਿਵਰਤਨ ਹੁੰਦਾ ਹੈ, ਪੈਨਸ਼ਨ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾਵਾਂ ਦੁਆਰਾ ਸਬੰਧਤ ਪੈਨਸ਼ਨ ਪੇਮੈਂਟ ਆਰਡਰਜ਼ (ਪੀ ਪੀ ਓਜ) ਦੇ ਦੋਵੇਂ ਅਰਧ ਭਾਗਾਂ ਵਿਚ ਮੂਲ ਪੈਨਸ਼ਨ/ਫੈਮਿਲੀ ਪੈਨਸ਼ਨ ਦੀ ਰਾਸ਼ੀ ਨੂੰ ਅਪਡੇਟ ਨਹੀਂ ਕੀਤਾ ਜਾਂਦਾ ਹੈ।

ਇਸ ਸਬੰਧ ਵਿਚ ਅਸੀਂ ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਕੇਂਦਰੀ ਸਰਕਾਰ ਦੇ ਸਿਵਲ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਲਈ ਯੋਜਨਾ ਦੇ ਪੈਰਾ 12.17 ਅਤੇ 19.1 ਨੂੰ ਹੇਠਾਂ ਦੁਹਰਾ ਰਹੇ ਹਾਂ:

ਜਦੋਂ ਵੀ ਪੈਨਸ਼ਨ ਅਤੇ ਜਾਂ ਪੈਨਸ਼ਨ ਉਤੇ ਮਹਿੰਗਾਈ ਰਾਹਤ ਦੀਆਂ ਮੂਲ ਦਰ੍ਹਾਂ ਵਿਚ ਕੋਈ ਪਰਿਵਰਤਨ ਹੋਵੇ ਤਾਂ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਸ਼ਾਖਾ ਪੀ ਪੀ ਓ ਦਾ ਪੈਨਸ਼ਨਰ ਵਾਲਾ ਅਰਧ ਭਾਗ ਮੰਗਵਾ ਕੇ ਉਸ ਵਿਚ ਨਵੀਂ ਰਾਸ਼ੀ ਬਾਰੇ ਇੰਦਰਾਜ ਰੇਗੀ ਜਿਸ ਵਿਚ ਉਸ ਮਿਤੀ ਦਾ ਵੇਰਵਾ ਸ਼ਾਮਲ ਹੋਵੇਗਾ ਜਿਸ ਮਿਤੀ ਤੋਂ ਉਹ ਪਰਿਵਰਤਨ

ਲਾਗੂ ਹੋਇਆ ਹੈ। ਅਜਿਹਾ ਕਰਨ ਤੋਂ ਬਾਅਦ ਉਹ ਅਰਥ ਭਾਗ ਪੈਨਸ਼ਨਰਜ਼ ਨੂੰ ਮੋੜ ਦਿੱਤੇ ਜਾਣਗੇ। (ਪੈਰਾ 12.17)

ਜਦੋਂ ਵੀ ਸਰਕਾਰ ਦੁਆਰਾ ਪੈਨਸ਼ਨਰਜ਼ ਉਤੇ ਕੋਈ ਅਤਿਰਿਕਤ ਰਾਹਤ ਮੰਜੂਰ ਕੀਤੀ ਜਾਵੇ, ਤਾਂ ਕਰਮਚਾਰੀਆਂ ਨਾਲ ਸਬੰਧਤ ਮੰਤਰਾਲਿਆ ਲੋਕ ਸ਼ਿਕਾਇਤਾਂ ਅਤੇ ਪੈਨਸ਼ਨਰਜ਼ (ਪੈਨਸ਼ਨ ਅਤੇ ਪੈਨਸ਼ਨਰਜ਼ ਵੈਲਫੇਅਰ ਵਿਭਾਗ) ਦੁਆਰਾ ਇਸ ਬਾਰੇ ਇਕ ਸੂਚਨਾ ਮਨੋਨੀਤ ਕੀਤੇ ਗਏ ਸਰਕਾਰੀ ਖੇਤਰ ਦੇ ਹਰੇਕ ਬੈਂਕ ਦੇ ਅਧਿਕ੍ਰਿਤ ਪ੍ਰਤੀਨਿਧੀ ਨੂੰ (ਉਸ ਦੇ ਨਾਮ ਤੇ) ਉਸ ਵੱਲੋਂ ਦਿੱਤੇ ਪਤੇ ਤੇ ਭੇਜੀ ਜਾਵੇਗੀ। ਉਸ ਤੋਂ ਬਾਅਦ ਉਨ੍ਹਾਂ ਬੈਂਕਾਂ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਦਿੱਲੀ ਜਾਂ ਕਿਤੇ ਹੋਰ ਕੰਮ ਕਰ ਰਹੇ ਆਪਣੇ ਪ੍ਰਤੀਨਿਧੀਆਂ ਰਾਹੀਂ ਲੋੜੀਂਦੀ ਸੰਖਿਆ (ਪਹਿਲਾਂ ਤੋਂ ਸੂਚਿਤ ਕੀਤਾ ਜਾਵੇ) ਵਿਚ ਮਨਜ਼ੂਰੀ ਦੇ ਆਦੇਸ਼ਾਂ ਦੀਆਂ ਨਕਲਾਂ ਅਤੇ ਸਬੰਧੀ ਰੈਡੀ ਰੈਕਨਰ ਕਰਮਚਾਰੀਆਂ ਨਾਲ ਸਬੰਧਤ ਮੰਤਰਾਲਿਆ ਲੋਕ ਸ਼ਿਕਾਇਤਾਂ ਅਤੇ ਪੈਨਸ਼ਨਰਜ਼ (ਪੈਨਸ਼ਨ ਅਤੇ ਪੈਨਸ਼ਨਰਜ਼ ਵੈਲਫੇਅਰ ਵਿਭਾਗ) ਤੋਂ ਹਾਸਲ ਕਰਨ ਅਤੇ ਉਨ੍ਹਾਂ ਨੂੰ ਤੁਰੰਤ ਸਬੰਧਤ ਮੁੱਖ ਦਫ਼ਤਰਾਂ ਕੋਲ ਭੇਜ ਦੇਣ ਜੋ ਉਨ੍ਹਾਂ ਤੇ ਅਮਲ ਕਰਨ ਲਈ ਉਨ੍ਹਾਂ ਨੂੰ 10 ਦਿਨਾਂ ਦੇ ਅੰਦਰ-ਅੰਦਰ ਸਿੱਧੇ ਹੀ ਭੁਗਤਾਨ ਰਨ ਵਾਲੀਆਂ ਸ਼ਾਖਾਵਾਂ ਕੋਲ ਭੇਜ ਦੇਣ। ਭੁਗਤਾਨ ਕਰਨ ਵਾਲੀ ਹਰੇਕ ਸ਼ਾਖਾ ਛੇਤੀ ਨਾਲ ਆਪਣੇ ਭੁਗਤਾਨ ਅਧੀਨ ਕੇਂਦਰੀ ਸਰਕਾਰ ਦੇ ਸਿਵਲ ਪੈਨਸ਼ਨਰਜ਼ ਨੂੰ ਪੈਨਸ਼ਨ ਉਤੇ ਰਾਹਤ ਦੀਆਂ ਨਵੀਆਂ ਦਰਾਂ ਨਿਸ਼ਚਿਤ ਕਰੇਗੀ। ਵੱਖ-ਵੱਖ ਪੈਨਸ਼ਨਰਜ਼ ਦੇ ਸਬੰਧ ਵਿਚ ਲਾਗੂ ਹੋਣ ਵਾਲੀਆਂ ਵੱਖ-ਵੱਖ ਪੈਨਸ਼ਨਰਜ਼ ਦੇ ਸਬੰਧ ਵਿਚ ਲਾਗੂ ਹੋਣ ਵਾਲੀਆਂ ਦਰਾਂ ਦੀ ਗਣਨਾ ਅੰਤਿਕਾ xxii (ਪੰਨਾ 41 ਅਨੁਸਾਰ ਕੀਤੀ ਜਾਵੇਗੀ ਉਨ੍ਹਾਂ ਨੂੰ ਪੈਨਸ਼ਨ ਰਾਸ਼ੀ ਵੰਡਣ ਵਾਲਿਆ ਕੋਲ ਰੱਖੇ ਗਏ ਪੀ ਪੀ ਓਜ ਦੇ ਹਿੱਸੇ ਵਿਚ ਦਰਜ ਕੀਤਾ ਜਾਵੇਗਾ ਅਤੇ ਉਸ ਦੇ ਨਾਲ ਹੀ ਉਹ ਮਿਤੀ, ਜਿਸ ਤੋਂ ਉਹ ਰਾਹਤ ਲਾਗੂ ਹੋਵੇਗੀ, ਲਿਖੀ ਜਾਵੇਗੀ ਜਿਨ੍ਹਾਂ ਦੀ ਤਸਦੀਕ ਨਵੀਂਆਂ ਦਰਾਂ ਤੇ ਰਾਹਤ ਰਾਸ਼ੀ ਅਤੇ ਜਾਂ ਇਸ ਸਬੰਧ ਵਿਚ ਕਿਸੇ

ਬਕਾਇਆ ਰਾਸ਼ੀ ਦਾ ਪੈਨਸ਼ਨਰਜ਼ ਨੂੰ ਭੁਗਤਾਨ ਕਰਨ ਤੋਂ ਪਹਿਲਾਂ ਸ਼ਾਖਾ ਪ੍ਰਬੰਧਕ ਜਾਂ ਇੰਚਾਰਜ ਦੁਆਰਾ ਕੀਤੀ ਜਾਵੇਗੀ-------(*ਪੈਰਾ 19.1*)

ਬੈਂਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਆਪਣੀਆਂ ਸ਼ਾਖਾਵਾਂ ਦਾ ਧਿਆਨ ਉਪਰੋਕਤ ਪ੍ਰਬੰਧਾਂ ਵੱਲ ਦਿਵਾਉਣ ਅਤੇ ਉਨ੍ਹਾਂ ਨੂੰ ਹਦਾਇਤਾਂ ਦਾ ਸਖਤੀ ਨਾਲ ਪਾਲਣ ਕਰਨ ਲਈ ਕਹਿਣ।

11. ਏਜੰਸੀ ਬੈਂਕਾਂ ਦੁਆਰਾ ਰੇਲਵੇ ਪੈਨਸ਼ਨ ਦੀ ਵੰਡ ਉਹ ਮੁੱਖ ਖੇਤਰ ਜਿੱਥੇ ਬੈਂਕ ਜਿਆਦਾ ਭੁਗਤਾਨ ਕਰਨ ਦੀ ਰੁਚੀ ਰੱਖਦੇ ਹਨ।

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਨੰ: 6073/45.05.031/2004-05 ਮਿਤੀ 30 ਮਈ, 2005)*

ਰੇਲਵੇ ਪੈਨਸ਼ਨਰਜ਼ ਦੇ ਸਬੰਧ ਵਿਚ ਜਿਨ੍ਹਾਂ ਖੇਤਰਾਂ ਵਿਚ ਬੈਂਕਾਂ ਵੱਲੋਂ ਵੱਧ ਭੁਗਤਾਨ ਕਰਨ ਦੀ ਰੁਚੀ ਹੁੰਦੀ ਹੈ, ਉਨ੍ਹਾਂ ਬਾਰੇ ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਧਿਕਾਰੀ, ਸੈਂਟ੍ਰਲ ਰੇਲਵੇ ਮੁੰਬਈ ਦੇ ਦਫ਼ਤਰ ਤੋਂ ਪ੍ਰਾਪਤ ਇਕ ਸੂਚੀ ਬਾਰੇ ਏਜੰਸੀ ਬੈਂਕਾਂ ਨੂੰ ਭੇਜੀ ਗਈ ਸੀ ਅਤੇ ਬੇਨਤੀ ਕੀਤੀ ਗਈ ਸੀ ਉਨ੍ਹਾਂ ਨੂੰ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਆਪਣੀਆਂ ਸ਼ਾਖਾਵਾਂ ਨੂੰ ਭੇਜਣ ਅਤੇ ਉਨ੍ਹਾਂ ਨੂੰ ਨਿਰਦੇਸ਼ ਜਾਰੀ ਕਰਨ ਕਿ ਉਹ ਰੇਲਵੇ ਪੈਨਸ਼ਨਾਂ ਵਿਚ ਵੱਧ ਭੁਗਤਾਨ ਤੋਂ ਬਚਣ ਲਈ ਉਚਿੱਤ ਕਾਰਵਾਈ ਕਰਨ।

12. ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਰੇਲਵੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ ਰੇਲਵੇ ਮੰਤਰਾਲਿਆ ਦੁਆਰਾ ਸੱਤ ਨਵੇਂ ਜੋਨਸ ਦੇ ਐਫ ਏ ਅਤੇ ਸੀ ਏ ਓਜ ਨੂੰ ਮਨੋਨੀਤ ਕਰਨਾ

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਨੰ:ਐਚ 10746/45.03.001/2005-06 ਮਿਤੀ 24 ਜਨਵਰੀ, 2006)*

ਰੇਲ ਮੰਤਰਾਲਿਆਂ ਨੇ ਸੱਤ ਨਵੇਂ ਜ਼ੋਨਸ (ਅਰਥਾਤ, ਉਤੱਰ ਪੱਛਮੀ ਰੇਲਵੇ, ਜੈਪੁਰ; ਪੂਰਬ ਸੈਂਟ੍ਰਲ ਰੇਲਵੇ, ਹਾਜੀਪੁਰ; ਪੂਰਬ ਤੱਟੀ ਰੇਲਵੇ, ਭੁਵਨੇਸ਼ਵਰ, ਉਤਰ ਸੈਂਟ੍ਰਲ ਰੇਲਵੇ,

ਇਲਾਹਾਬਾਦ, ਦੱਖਣ ਪੂਰਬ ਸੈਂਟ੍ਰਲ ਰੇਲਵੇ, ਬਿਲਾਸਪੁਰ; ਦੱਖਣ ਪੱਛਮੀ ਰੇਲਵੇ, ਹੁਬਲੀ; ਅਤੇ ਪੱਛਮ ਸੈਂਟ੍ਰਲ ਰੇਲਵੇ, ਜਬਲਪੁਰ) ਦੇ ਐਫ ਏ ਅਤੇ ਸੀ ਏ ਓਜ ਨੂੰ 1 ਅਪ੍ਰੈਲ, 2006 ਤੋਂ ਅਧਿਕ੍ਰਿਤ ਬੈਂਕਾਂ ਦੁਆਰਾ ਰੇਲਵੇ ਪੈਨਸ਼ਨਰਜ਼ ਨੂੰ ਵੰਡੇ ਗਏ ਪੈਨਸ਼ਨ ਰਾਸ਼ੀ ਦੇ ਭੁਗਤਾਨਾਂ ਦੇ ਸਬੰਧ ਵਿਚ ਪੈਨਸ਼ਨ ਡੈਬਿਟਸ ਨੂੰ ਸਵੀਕਾਰ/ਸੈਟਲ ਕਰਨ ਲਈ ਮਨੋਨੀਤ ਕਰਨ ਦਾ ਫੈਸਲਾ ਕੀਤਾ ਹੈ।

13. **ਅਧਿਕ੍ਰਿਤ ਬੈਂਕਾਂ ਰਾਹੀਂ ਪੈਨਸ਼ਨ ਰਾਸ਼ੀ ਦਾ ਭੁਗਤਾਨ ਪੈਨਸ਼ਨਰ ਦੁਆਰਾ ਆਪਣੇ ਪਤੀ/ਆਪਣੀ ਪਤਨੀ ਨਾਲ ਮਿਲਕੇ ਸੰਚਾਲਿਕ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਜਮ੍ਹਾਂ ਕਰਨਾ।**

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਨੰ: 12736/45.3.001/2005-06 ਮਿਤੀ 24 ਫਰਵਰੀ, 2006)*

ਸੈਂਟ੍ਰਲ ਪੈਨਸ਼ਨ ਅਕਾਉਂਟਿੰਗ ਆਫਿਸ (ਸੀ ਪੀ ਏ ਓ) ਦੁਆਰਾ ਕੇਂਦਰੀ ਸਿਵਲ ਪੈਨਸ਼ਨਰਜ਼ ਦੇ ਸਬੰਧ ਵਿਚ ਪੈਨਸ਼ਨ ਪੇਮੈਂਟ ਆਰਡਰ (ਪੀ ਪੀ ਓ) ਵਿਚ ਪਤੀ/ਪਤਨੀ ਜਿਸ ਦੇ ਹੱਕ ਵਿਚ ਫੈਮਿਲੀ ਪੈਨਸ਼ਨ ਦਾ ਅਧਿਕਾਰ ਦਰਜ ਹੈ, ਨਾਲ ਸੰਯੁਕਤ ਖਾਤੇ ਵਿਚ ਪੈਨਯਨ ਰਾਸ਼ੀ ਨੂੰ ਜਮ੍ਹਾਂ ਕਰਨ ਬਾਰੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਰੇਲ ਮੰਤਰਾਲਿਆ (ਰੇਲਵੇ ਬੋਰਡ) ਦੇ ਸਰਕੂਲਰ ਨੰ:ਆਰ ਬੀ ਏ 63/2005/ਏਸੀਆਈ ਆਈ/21/19) ਮਿਤੀ 13 ਅਕਤੂਬਰ, 2005 ਰਾਹੀਂ ਰੇਲਵੇ ਪੈਨਸ਼ਨਰਜ਼ ਤੇ ਵੀ ਲਾਗੂ ਕੀਤਾ ਗਿਆ ਹੈ। ਪੈਨਸ਼ਨਰਜ ਦੇ ਸੰਯੁਕਤ ਖਾਤੇ ਦਾ ਸੰਚਾਲਣ ਫੌਰਮਰ ਜਾਂ ਸਰਵਾਈਵਰ ਜਾਂ ਆਈਦਰ ਜਾਂ ਸਰਵਾਈਵਰ ਵਿਚੋਂ ਕਿਸੇ ਵੀ ਇਕ ਆਧਾਰ ਤੇ ਕੀਤਾ ਜਾ ਸਕਦਾ ਹੈ, ਜੋ ਕਿ ਰੇਲ ਮੰਤਰਾਲਿਆ ਦੇ ਮਿਤੀ 13 ਅਕਤੂਬਰ, 2005 ਦੇ ਉਪਰੋਕਤ ਸਰਕੂਲਰ ਵਿਚ ਲਿਖਿਤ ਸ਼ਰਤਾਂ ਅਧੀਨ ਹੋਵੇਗਾ।

14. ਅਧਿਕ੍ਰਿਤ ਬੈਂਕਾਂ ਰਾਹੀਂ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਿਸੇ ਪੈਨਸ਼ਰਜ਼ ਦੁਆਰਾ ਆਪਣੀ ਪਤਨੀ/ਆਪਦੇ ਪਤੀ ਨਾਲ ਮਿਲਕੇ ਸੰਚਾਲਿਤ ਸੰਯੁਕਤ ਬੈਂਕ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣਾ

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਨੰ:ਐਚ 2134/45.02.001/2006-07 ਮਿਤੀ 4 ਅਗਸਤ, 2006)*

ਰੱਖਿਆ ਮੰਤਰਾਲਿਆ ਅਤੇ ਪ੍ਰਿੰਸੀਪਲ ਕੰਟਰੋਲ ਆਫ ਡਿਫੈਂਸ ਅਕਾਉਂਟਸ ਨੇ ਪੈਨਸ਼ਨ ਰਾਸ਼ੀ ਦੇ ਭੁਗਤਾਨ ਲਈ ਯੋਜਨਾ ਵਿਚ ਸੋਧ ਕਰਦਿਆਂ ਪੈਨਸ਼ਨਰ ਅਤੇ ਉਸ ਦੀ ਪਤਨੀ/ਉਸ ਦੇ ਪਤੀ ਦੁਆਰਾ ਸੰਯੁਕਤ ਰੂਪ ਵਿਚ ਸੰਚਾਲਿਤ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣ ਦੀ ਆਗਿਆ ਦਿੱਤੀ ਹੈ ਜਿੱਥੇ ਪੈਨਸ਼ਨ ਪੇਮੈਂਟ ਆਰਡਰ (ਪੀ ਪੀ ਓ) ਵਿਚ ਉਨ੍ਹਾਂ ਦੇ ਹੱਕ ਵਿਚ ਫੈਮਿਲੀ ਪੈਨਸ਼ਨ ਲਈ ਅਧਿਕ੍ਰਿਤ ਕੀਤੇ ਜਾਣ ਦਾ ਜ਼ਿਕਰ ਹੈ। ਆਪਣੇ ਪਤੀ/ਪਤਨੀ ਨਾਲ ਪੈਨਸ਼ਨਰਜ਼ ਦੇ ਸੰਯੁਕਤ ਖਾਤੇ ਦਾ ਸੰਚਾਲਣ ਜਾਂ ਤਾਂ ਫੌਰਮਰ ਜਾਂ ਸਰਵਾਈਵਰ ਜਾਂ ਆਈਦਰ ਜਾਂ ਸਰਵਾਈਵਰ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ ਜਿਸ ਤੇ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:

(ਏ.) ਜੇਕਰ ਇਕ ਵਾਰੀ ਪੈਨਸ਼ਨ ਰਾਸ਼ੀ ਪੈਨਸ਼ਨਰ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਸਰਕਾਰ/ਬੈਂਕ ਦੀ ਜ਼ਿੰਮੇਵਾਰੀ ਸਮਾਪਤ ਹੋ ਜਾਂਦੀ ਹੈ। ਇਸ ਤੋਂ ਬਾਅਦ ਜ਼ਿੰਮੇਵਾਰੀ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ ਭਾਵੇਂ ਉਸ ਦੀ ਪਤਨੀ/ਪਤੀ ਗਲਤ ਢੰਗ ਨਾਲ ਰਾਸ਼ੀ ਕਢਵਾ ਲੈਂਦੀ/ਲੈਂਦਾ ਹੈ।

(ਬੀ) ਕਿਉਂਕਿ ਪੈਨਸ਼ਨ ਦਾ ਭੁਗਤਾਨ ਕੇਵਲ ਪੈਨਸ਼ਨਰ ਦੇ ਜੀਵਿਤ ਰਹਿੰਦੀਆਂ ਹੀ ਕੀਤਾ ਜਾ ਸਦਾ ਹੈ, ਇਸ ਲਈ ਉਸ ਦੀ ਮੌਤ ਬਾਰੇ ਬੈਂਕ ਨੂੰ ਛੇਤੀ ਤੋਂ ਛੇਤੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਹਾਲਤ ਵਿਚ ਮੌਤ ਬਾਰੇ ਬੈਂਕ ਨੂੰ ਛੇਤੀ ਤੋਂ ਛੇਤੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਹਾਲਤ ਵਿਚ ਮੌਤ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ, ਤਾਂ ਜੋ ਪੈਨਸ਼ਨਰ ਦੀ ਮੌਤ ਤੋਂ ਬਾਅਦ ਵੀ ਬੈਂਕ ਦੁਆਰਾ ਉਸ ਦੀ ਪਤਨੀ/ਪਤੀ ਨਾਲ ਸੰਯੁਕਤ

ਖਾਤੇ ਵਿਚ ਮਾਸਿਕ ਪੈਨਸ਼ਨ ਰਾਸ਼ੀ ਜਮ੍ਹਾਂ ਨਾ ਕਰਵਾਈ ਜਾਵੇ। ਪਰੰਤੂ ਜੇਕਰ ਗਲਤੀ ਨਾਲ ਕੋਈ ਰਾਸ਼ੀ ਇਸ ਸੰਯੁਕਤ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਹੋਵੇ ਤਾਂ ਇਹ ਰਾਸ਼ੀ ਇਸ ਸੰਯੁਕਤ ਖਾਤੇ ਅਤੇ ਜਾਂ ਪੈਨਸ਼ਨਰ / ਉਸ ਦੀ ਪਤਨੀ/ਪਤੀ ਦੁਆਰਾ ਖੋਲ੍ਹੇ ਗਏ ਕਿਸੇ ਨੂੰ ਹੋਰ ਖਾਤੇ ਵਿਚੋਂ ਵਸੂਲ ਕੀਤੀ ਜਾਵੇਗੀ। ਪੈਨਸ਼ਨਰਜ਼ ਦੇ ਕਾਨੂੰਨੀ ਵਾਰਿਸ, ਉਤੱਰਾਧਿਕਾਰੀ ਜਾਂ ਪ੍ਰਬੰਧਕ ਆਦਿ ਵੀ ਇਸ ਸੰਯੁਕਤ ਖਾਤੇ ਵਿਚ ਗਲਤੀ ਨਾਲ ਜਮ੍ਹਾਂ ਕਰਵਾਈ ਗਈ ਰਾਸ਼ੀ ਨੂੰ ਵਾਪਸ ਮੋੜਨ ਲਈ ਜ਼ਿੰਮੇਵਾਰ ਹੋਣਗੇ।

(ਸੀ) ਪੇਮੈਂਟ ਆਫ ਏਰੀਅਰਸ ਆਫ ਪੈਨਸ਼ਨ (ਨੋਮੀਨੇਸ਼ਨ) ਰੂਲਜ਼, 1983 ਪੈਨਸ਼ਨਰ ਦੁਆਰਾ ਆਪਣੀ ਪਤਨੀ/ਪਤੀ ਨਾਲ ਖੋਲ੍ਹੇ ਗਏ ਸੰਯੁਕਤ ਖਾਤੇ ਤੇ ਸਦਸਤਰੂ ਲਾਗੂ ਹੋਣਗੇ। ਇਸ ਦਾ ਅਰਥ ਇਹ ਹੈ ਕਿ ਜੇਕਰ ਰੂਲ 5 ਅਤੇ 6 ਅਨੁਸਾਰ ਕੋਈ ਸਵੀਕਾਰ ਕੀਤੀ ਨੌਮੀਨੇਸ਼ਨ ਹੋਵੇ ਤਾਂ ਨਿਯਮਾਂ ਵਿਚ ਜਿਕਰ ਕੀਤੀ ਬਕਾਇਆ ਰਾਸ਼ੀ ਦਾ ਭੁਗਤਾਨ ਮਨੋਨੀਤ ਕੀਤੇ ਗਏ ਵਿਅਕਤੀ ਨੂੰ ਕੀਤਾ ਜਾਵੇਗਾ।

ਉਪਰ ਸੰਕੇਤ ਕੀਤੇ ਗਏ ਆਪਣੇ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣ ਦੇ ਚਾਹਵਾਨ ਵਰਤਮਾਨ ਪੈਨਸ਼ਨਰਜ਼ ਲਈ ਜ਼ਰੂਰੀ ਹੈ ਕਿ ਉਹ ਨਿਰਧਾਰਿਤ ਫਾਰਮ ਵਿਚ ਉਸ ਬੈਂਕ ਸ਼ਾਖਾ ਨੂੰ ਇਕ ਅਰਜ਼ੀ ਦੇਣ ਜਿੱਥੋਂ ਉਹ ਇਸ ਸਮੇਂ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਇਸ ਅਰਜ਼ੀ ਤੇ ਪੈਨਸ਼ਨਰਜ਼ ਦੀ ਪਤਨੀ/ਪਤੀ ਨੂੰ ਵੀ ਹਸਤਾਖਰ ਕਰਨੇ ਪੈਣਗੇ ਤਾਂ ਜੋ ਇਸ ਨੂੰ ਉਸ ਵੱਲੋਂ ਆਫਿਸ ਮੈਮੋਰੰਡਮ ਵਿਚ ਨਿਰਧਾਰਿਤ ਸ਼ਰਤਾਂ ਨੂੰ ਸਵੀਕਾਰ ਕਰਨ ਦਾ ਸਬੂਤ ਮੰਨਿਆ ਜਾ ਸਕੇ।

15. ਸਰਕਾਰੀ ਖੇਤਰ ਦੇ ਬੈਂਕਾ ਦੁਆਰਾ ਪੱਛਮੀ ਬੰਗਾਲ (ਪਾਰਟ ਏ ) ਸਰਕਾਰ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ ਕਿਸੇ ਪੈਨਸ਼ਨਰਜ਼ ਦੁਆਰਾ ਆਪਣੀ ਪਤਨੀ/ਆਪਣੀ ਪਤੀ ਨਾਲ ਸੰਯੁਕਤ ਰੂਪ ਵਿਚ ਸੰਚਾਲਿਤ ਬੈਂਕ ਖਾਤੇ ਵਿਚ ਪੈਨਸ਼ਨ ਰਾਸ਼ੀ ਜਮ੍ਹਾਂ ਕਰਵਾਉਣਾ

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. 6926/45.05.005/2006-07 ਮਿਤੀ 30 ਅਕਤੂਬਰ, 2006*

ਪੱਛਮੀ ਬੰਗਾਲ ਦੀ ਸਰਕਾਰ ਨੇ ਪੈਨਸ਼ਨ ਰਾਸ਼ੀ ਦੇ ਭੁਗਤਾਨ ਸਬੰਧੀ ਯੋਜਨਾ ਵਿਚ ਸੋਧ ਕਰਦਿਆਂ ਪੈਨਸ਼ਨਰਜ਼ ਦੁਆਰਾ ਆਪਣੀ ਪਤਨੀ/ਪਤੀ ਜਿਸ ਦੇ ਹੱਕ ਵਿਚ ਪੈਨਸ਼ਨ ਪੇਮੈਂਟ ਆਰਡਰ (ਪੀ ਪੀ ਓ) ਵਿਚ ਫੈਮਿਲੀ ਪੈਨਸ਼ਨ ਲਈ ਅਧਿਕਾਰ ਦਰਜ ਹੈ, ਨਾਲ ਸੰਯੁਕਤ ਰੂਪ ਵਿਚ ਸੰਚਾਲਿਤ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਵੀ ਜਮ੍ਹਾਂ ਕਰਵਾਉਣ ਦੀ ਆਗਿਆ ਦਿੱਤੀ ਗਈ ਹੈ। ਪੈਨਸ਼ਨਰ ਅਤੇ ਉਸ ਦੀ ਪਤਨੀ/ਪਤੀ ਦੇ ਇਸ ਨੂੰ ਨਿਮਨਲਿਖਤ ਸ਼ਰਤਾਂ ਅਧੀਨ ਜਾਂ ਤਾਂ "ਫੌਰਮਰ ਜਾਂ ਸਰਵਾਈਵਰ" ਜਾਂ "ਆਈਦਰ ਜਾਂ ਸਰਵਾਈਵਰ" ਦੇ ਆਧਾਰ ਤੇ ਸੰਚਾਲਿਤ ਕੀਤਾ ਜਾ ਸਕਦਾ ਹੈ।

(ੳ) ਜੇਕਰ ਇਕ ਵਾਰੀ ਪੈਨਸ਼ਨ ਰਾਸ਼ੀ ਪੈਨਸ਼ਨਰ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਹੋਵੇ ਤਾਂ ਸਰਕਾਰ/ਬੈਂਕ ਦੀ ਜ਼ਿੰਮੇਵਾਰੀ ਸਮਾਪਤ ਹੋ ਜਾਵੇਗੀ। ਇਸ ਤੋਂ ਬਾਅਦ ਜ਼ਿੰਮੇਵਾਰੀ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ, ਭਾਵੇਂ ਉਸ ਦੀ ਪਤਨੀ/ਪਤੀ ਗਲਤ ਢੰਗ ਨਾਲ ਉਹ ਰਾਸ਼ੀ ਕੱਢਵਾ ਲੈਂਦੀ/ਲੈਂਦਾ ਹੈ।

(ਅ) ਕਿਉਂਕਿ ਪੈਨਸ਼ਨ ਦਾ ਭੁਗਤਾਨ ਕੇਵਲ ਪੈਨਸ਼ਨਰ ਦੇ ਜੀਵਿਤ ਰਹਿੰਦੀਆਂ ਹੀ ਕੀਤਾ ਜਾ ਸਕਦਾ ਹੈ, ਇਸ ਲਈ ਉਸ ਦੀ ਮੌਤ ਬਾਰੇ ਬੈਂਕ ਨੂੰ ਛੇਤੀ ਤੋਂ ਛੇਤੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਹਾਲ ਵਿਚ ਮੌਤ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਤਾਂ ਜੋ ਪੈਨਸ਼ਨਰ ਦੀ ਮੌਤ ਤੋਂ ਬਾਅਦ ਵੀ ਬੈਂਕ ਦੁਆਰਾ ਉਸ ਦੀ ਪਤਨੀ/ਪਤੀ ਨਾਲ ਸੰਯੁਕਤ ਖਾਤੇ ਵਿਚ ਮਾਸਿਕ ਪੈਨਸ਼ਨ ਰਾਸ਼ੀ ਜਮ੍ਹਾਂ ਨਾ ਕਰਵਾਈ ਜਾਵੇ। ਪਰੰਤੂ ਜੇਕਰ ਗਲਤੀ ਨਾਲ ਕੋਈ ਰਾਸ਼ੀ ਇਸ ਸੰਯੁਕਤ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਇਹ ਰਾਸ਼ੀ ਇਸ ਸੰਯੁਕਤ ਖਾਤੇ ਅਤੇ ਜਾਂ ਪੈਨਸ਼ਨਰ ਉਸ ਦੀ ਪਤਨੀ/ਪਤੀ ਦੁਆਰਾ ਖੋਲ੍ਹੇ ਗਏ ਕਿਸੇ ਵੀ ਹੋਰ ਖਾਤੇ ਵਿਚੋਂ ਵਸੂਲ ਕੀਤੀ ਜਾਵੇਗੀ। ਪੈਨਸ਼ਨਰ ਦੇ ਕਾਨੂੰਨੀ ਵਾਰਿਸ, ਉਤੱਰਾਧਿਕਾਰੀ ਜਾਂ ਪ੍ਰਬੰਧਕ ਆਦਿ ਵੀ ਇਸ ਸੰਯੁਕਤ ਖਾਤੇ ਵਿਚ ਜਮ੍ਹਾਂ ਕਰਵਾਈ ਗਈ ਰਾਸ਼ੀ ਨੂੰ ਵਾਪਸ ਮੋੜਨ ਲਈ ਜ਼ਿੰਮੇਵਾਰ ਹੋਣਗੇ।

(ੲ) ਪੇਮੈਂਟ ਆਫ ਏਰੀਅਰਸ ਆਫ ਪੈਨਸ਼ਨ (ਨੌਮੀਨੇਸ਼ਨ) ਰੂਲਜ਼, 1983 ਪੈਨਸ਼ਨਰ ਦੁਆਰਾ ਆਪਣੀ ਪਤਨੀ/ਪਤੀ ਨਾਲ ਖੋਲ੍ਹੇ ਗਏ ਸੰਯੁਕਤ ਖਾਤੇ ਤੇ ਬਦਸਤੂਰ ਲਾਗੂ ਹੋਣਗੇ। ਇਸ ਦਾ ਅਰਥ ਇਹ ਹੈ ਕਿ ਜੇਕਰ ਰੂਲ 5 ਅਤੇ 6 ਅਨੁਸਾਰ ਕੋਈ ਸਵੀਕਾਰ ਕੀਤੀ ਨੌਮੀਨੇਸ਼ਨ ਹੋਵੇ ਤਾਂ ਨਿਯਮਾਂ ਵਿਚ ਜਿਕਰ ਕੀਤੀ ਬਕਾਇਆ ਰਾਸ਼ੀ ਦਾ ਭੁਗਤਾਨ ਮਨੋਨੀਤ ਕੀਤੇ ਗਏ ਵਿਅਕਤੀ ਨੂੰ ਕੀਤਾ ਜਾਵੇਗਾ।

ਉਪਰ ਸੰਕੇਤ ਕੀਤੇ ਆਪਣੇ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣ ਦੇ ਚਾਹਵਾਨ ਵਰਤਮਾਨ ਪੈਨਸ਼ਨਰਜ਼ ਲਈ ਜ਼ਰੂਰੀ ਹੈ ਕਿ ਉਹ ਨਿਰਧਾਰਿਤ ਫਾਰਮ ਵਿਚ ਉਸ ਬੈਂਕ ਸ਼ਾਖਾ ਨੂੰ ਇਕ ਅਰਜ਼ੀ ਦੇਣ ਜਿੱਥੋਂ ਉਹ ਇਸ ਸਮੇਂ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਇਸ ਅਰਜ਼ੀ ਤੇ ਪੈਨਸ਼ਨਰ ਦੀ ਪਤਨੀ/ਪਤੀ ਨੂੰ ਵੀ ਹਸਤਾਖ਼ਰ ਕਰਨੇ ਪੈਣਗੇ ਜੋ ਇਸ ਨੂੰ ਉਸ ਵੱਲੋਂ ਆਫਿਸ ਮੈਮੋਰੰਡਮ ਵਿਚ ਨਿਰਧਾਰਿਤ ਸ਼ਰਤਾਂ ਨੂੰ ਸਵੀਕਾਰ ਕਰਨ ਦਾ ਸਬੂਤ ਮੰਨਿਆ ਜਾ ਸਕੇ। ਇਹ ਹਦਾਇਤਾਂ ਇਸ ਦਫ਼ਤਰੀ ਮੈਮੋਰੰਡਮ ਦੇ ਜਾਰੀ ਹੋਣ ਤੋਂ ਬਾਅਦ ਸੇਵਾ ਮੁਕਤ ਹੋਣ ਵਾਲੇ ਸਰਕਾਰੀ ਕਰਮਚਾਰੀਆਂ ਤੇ ਵੀ ਲਾਗੂ ਹੋਣਗੀਆਂ।

## 16. ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਪੰਜਾਬ ਸਰਕਾਰ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਐਚ 8973/45.5.003/2006-07 ਮਿਤੀ 24 ਨਵੰਬਰ, 2006)*

ਪੰਜਾਬ ਸਰਕਾਰ ਨੇ ਪੈਨਸ਼ਨ ਰਾਸ਼ੀ ਦੇ ਭੁਗਤਾਨ ਸਬੰਧੀ ਯੋਜਨਾ ਵਿਚ ਸੋਧ ਕਰਦਿਆਂ ਪੰਜਾਬ ਸਰਕਾਰ ਦੇ ਪੈਨਸ਼ਨਰਜ਼ ਦੁਆਰਾ ਆਪਣੀ ਪਤਨੀ/ਪਤੀ ਦੇ ਨਾਲ ਜਿਸ ਦੇ ਹੱਕ ਵਿਚ ਫੈਮਿਲੀ ਪੈਨਸ਼ਨ ਬਾਰੇ ਪੈਨਸ਼ਨ ਪੇਮੈਂਟ ਆਡਰ ( ਪੀ ਪੀ ਓ) ਵਿਚ ਜਿਕਰ ਕੀਤਾ ਗਿਆ ਹੋਵੇ, ਖੋਲ੍ਹੇ ਗਏ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਵੀ ਜਮ੍ਹਾਂ ਕਰਵਾਉਣ ਦੀ ਆਗਿਆ ਦਿੱਤੀ ਹੈ। ਇਸ ਸੰਯੁਕਤ ਖਾਤੇ ਦਾ ਸੰਚਾਲਣ ਜਾਂ ਤਾਂ "ਫੌਰਮਰ ਜਾਂ

ਸਰਵਾਈਵਰ" ਜਾਂ "ਆਈਦਰ ਜਾਂ ਸਰਵਾਈਵਰ" ਦੇ ਆਧਾਰ ਤੇ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਕੀਤਾ ਜਾ ਸਕਦਾ ਹੈ :

(ੳ) ਜੇਕਰ ਪੈਨਸ਼ਨ ਰਾਸ਼ੀ ਇਕ ਵਾਰੀ ਪੈਨਸ਼ਨਰ ਦੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਸਰਕਾਰ/ਬੈਂਕ ਦੀ ਜ਼ਿੰਮੇਵਾਰੀ ਸਮਾਪਤ ਹੋ ਜਾਵੇਗੀ। ਇਸ ਤੋਂ ਬਾਅਦ ਜ਼ਿੰਮੇਵਾਰੀ ਦਾ ਕੋਈ ਸਵਾਲ ਪੈਦਾ ਨਹੀਂ ਹੋਵੇਗਾ, ਭਾਵੇਂ ਪੈਨਸ਼ਨਰ ਦੀ ਪਤਨੀ/ਪਤੀ ਗਲਤ ਢੰਗ ਨਾਲ ਉਹ ਰਾਸ਼ੀ ਖਾਤੇ ਵਿਚੋਂ ਕਢਵਾ ਲੈਂਦੀ/ਲੈਂਦਾ ਹੈ।

(ਅ) ਕਿਉਂਕਿ ਪੈਨਸ਼ਨ ਦਾ ਭੁਗਤਾਨ ਕੇਵਲ ਪੈਨਸ਼ਨਰ ਦੇ ਜੀਵਿਤ ਰਹਿੰਦੀਆਂ ਹੀ ਕੀਤਾ ਜਾ ਸਦਾ ਹੈ, ਇਸ ਲਈ ਉਸ ਦੀ ਮੌਤ ਬਾਰੇ ਬੈਂਕ ਨੂੰ ਛੇਤੀ ਤੋਂ ਛੇਤੀ ਸੂਚਿਤ ੀਤਾ ਜਾਣਾ ਚਾਹੀਦਾ ਹੈ ਅਤੇ ਹਰ ਹਾਲ ਵਿਚ ਮੌਤ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਤਾਂ ਜੋ ਪੈਨਸ਼ਨਰ ਦੀ ਮੌਤ ਤੋਂ ਬਾਅਦ ਵੀ ਬੈਂਕ ਦੁਆਰਾ ਉਸ ਦੀ ਪਤਨੀ/ਪਤੀ ਨਾਲ ਸੰਯੁਕਤ ਖਾਤੇ ਵਿਚ ਮਾਸਕ ਪੈਨਸ਼ਨ ਰਾਸ਼ੀ ਜਮ੍ਹਾਂ ਨਾ ਕਰਵਾਈ ਜਾਵੇ। ਪਰੰਤੂ ਜੇਕਰ ਗਲਤੀ ਨਾਲ ਕੋਈ ਰਾਸ਼ੀ ਇਸ ਸੰਯੁਕਤ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਹੋਵੇ ਤਾਂ ਇਹ ਰਾਸ਼ੀ ਸੰਯੁਕਤ ਖਾਤੇ ਅਤੇ ਜਾਂ ਪੈਨਸ਼ਨਰ ਉਸ ਪਤਨੀ/ਪਤੀ ਦੁਆਰਾ ਖੋਲ੍ਹੇ ਗਏ ਕਿਸੇ ਵੀ ਹੋਰ ਖਾਤੇ ਵਿਚੋਂ ਵਸੂਲ ਕੀਤੀ ਜਾਵੇਗੀ। ਪੈਨਸ਼ਨਰ ਦੇ ਕਾਨੂੰਨੀ ਵਾਰਿਸ, ਉਤੱਰਾਧਿਕਾਰੀ ਜਾਂ ਪ੍ਰਬੰਧਕ ਆਦਿ ਵੀ ਇਸ ਸੰਯੁਕਤ ਖਾਤੇ ਵਿਚ ਗਲਤੀ ਨਾਲ ਜਮ੍ਹਾਂ ਕਰਵਾਈ ਗਈ ਰਾਸ਼ੀ ਨੂੰ ਵਾਪਸ ਮੋੜਨ ਲਈ ਜ਼ਿੰਮੇਵਾਰ ਹੋਣਗੇ।

(ੲ) ਪੰਜਾਬ ਵਿੱਤੀ ਰੂਲਜ਼ ਵਾਲਿਯੂਮ 1 ਦੇ ਰੂਲ 5.3 ਬੀ ਅਧੀਨ ਪੈਨਸ਼ਨ ਪ੍ਰਬੰਧਾਂ ਦੇ ਨੋਟ 4 ਅਤੇ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਪੈਨਸ਼ਨ ਦੀ ਬਕਾਇਆ ਰਾਸ਼ੀ ਦੇ ਭੁਗਤਾਨ ਲਈ ਨੋਮੀਨੇਸ਼ਨ ਲਈ ਨਿਯਮ ਪੈਨਸ਼ਨ ਦੁਆਰਾ ਆਪਣੀ ਪਤਨੀ/ਪਤੀ ਨਾਲ ਖੋਲ੍ਹੇ ਗਏ ਸੰਯੁਕਤ ਖਾਤੇ ਤੇ ਵੀ ਬਦਸਤੂਰ ਲਾਗੂ ਹੋਵੇਗਾ। ਇਸ ਦਾ ਅਰਥ ਇਹ ਹੈ ਕਿ ਜੇਕਰ ਇਨ੍ਹਾਂ ਨਿਯਮਾਂ ਅਨੁਸਾਰ ਕੋਈ ਸਵੀਕ੍ਰਿਤ ਨੋਮੀਨੇਸ਼ਨ ਹੋਵੇ, ਤਾਂ ਨਿਯਮਾਂ ਵਿਚ ਜ਼ਿਕਰ ਕੀਤੇ ਬਕਾਏ ਦਾ ਭੁਗਤਾਨ ਮਨੋਨੀਤ ਕੀਤੇ ਵਿਅਕਤੀ ਨੂੰ ਕੀਤਾ ਜਾਵੇਗਾ। ਨਵੇਂ

ਨੌਮੀਨੇਸ਼ਨ ਫਾਰਮਾਂ ਵਿਚ ਪੰਜਾਬ ਵਿੱਤ ਵਿਭਾਗ ਦੇ ਸਰਕੂਲਰ ਪੱਤਰ ਨੰਃ 21(1) 83-ਐਫ ਆਰ (6) 11991 ਮਿਤੀ 20 ਨਵੰਬਰ, 1984 ਰਾਹੀਂ ਸੋਧ ਕੀਤੀ ਗਈ ਹੈ। ਉਪਰ ਸੰਕੇਤ ਕੀਤੇ ਆਪਣੇ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣ ਦੇ ਚਾਹਵਾਨ ਵਰਤਮਾਨ ਪੈਨਸ਼ਨਰਜ਼ ਲਈ ਜ਼ਰੂਰੀ ਹੈ ਕਿ ਉਹ ਨਿਰਧਾਰਿਤ ਫਾਰਮ ਵਿਚ ਉਸ ਬੈਂਕ ਸ਼ਾਖਾ ਨੂੰ ਇਕ ਅਰਜ਼ੀ ਦੇਣ ਜਿੱਥੋਂ ਉਹ ਇਸ ਸਮੇਂ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਇਸ ਅਰਜ਼ੀ ਤੇ ਪੈਨਸ਼ਨਰ ਦੀ ਪਤਨੀ/ਪਤੀ ਨੂੰ ਵੀ ਹਸਤਾਖ਼ਰ ਰਕਨੇ ਪੈਣਗੇ ਜੋ ਇਸ ਗੱਲ ਦਾ ਸਬੂਤ ਹੋਵੇਗਾ ਕਿ ਉਸ ਨੇ ਇਸ ਪੱਤਰ ਵਿਚ ਨਿਰਧਾਰਿਤ ਸ਼ਰਤਾਂ ਨੂੰ ਸਵੀਕਾਰ ਕਰ ਲਿਆ ਹੈ। ਇਹ ਹਦਾਇਤਾਂ ਇਸ ਪੱਤਰ ਦੇ ਜਾਰੀ ਹੋਣ ਤੋਂ ਬਾਅਦ ਸੇਵਾ ਮੁਕਤ ਹੋਣ ਵਾਲੇ ਸਰਕਾਰੀ ਕਰਮਚਾਰੀਆਂ ਤੇ ਵੀ ਲਾਗੂ ਹੋਣਗੀਆਂ।

17. ਫਰਜ਼ੀਆਂ ਦੇ ਪੈਨਸ਼ਨ ਸਬੰਧੀ ਭੁਗਤਾਨਾਂ ਦੀ ਰੀਇੰਬਰਸਮੈਂਟ ਲਈ ਸਿੰਗਲ ਵਿੰਡੋ ਪ੍ਰਣਾਲੀ ਦਾ ਆਰੰਭ

*(ਹਵਾਲਾਃ ਡੀ ਜੀ ਬੀ ਏ. ਜੀ ਏ ਡੀ. ਨੰਃਐਚ 13834/45.02.001/2006-07 ਮਿਤੀ 13 ਮਾਰਚ, 2007)*

ਪ੍ਰਿੰਸੀਪਲ ਕੰਟਰੋਲਰ ਆਫ ਡਿਫੈਂਸ ਅਕਾਊਂਟਸ (ਪੈਨਸ਼ਨ) ਦੇ ਦਫ਼ਤਰ ਦੀ ਸਲਾਹ ਅਨੁਸਾਰ 1 ਅਪ੍ਰੈਲ, 2007 ਤੋਂ ਫਰਜ਼ੀਆਂ ਦੇ ਪੈਨਸ਼ਨ ਸਬੰਧੀ ਭੁਗਤਾਨਾਂ ਦੀ ਰੀਇੰਬਰਸਮੈਂਟ ਲਈ ਸਿੰਗਲ ਵਿੰਡੋ ਪ੍ਰਣਾਲੀ ਆਰੰਭ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ ਰੀਇੰਬਰਸਮੈਂਟ ਦੇਣ ਵਾਲੇ ਬੈਂਕ ਅਰਥਾਤ ਆਰ. ਬੀ. ਆਈ. (ਪੀ ਏ ਡੀ) ਐਸ. ਬੀ. ਆਈ. ਅਤੇ ਇਸ ਦੇ ਸਹਿਯੋਗੀ ਬੈਂਕ 1 ਅਪ੍ਰੈਲ, 207 ਤੋਂ ਫਰਜ਼ੀਆਂ ਦੇ ਪੈਨਸ਼ਨ ਸਬੰਧੀ ਭੁਗਤਾਨਾ ਲਈ ਰੀਇੰਬਰਸਮੈਂਟ ਦੇਣੀ ਬੰਦ ਕਰ ਦੇਣਗੇ। ਪੈਨਸ਼ਨ ਦੇ ਭੁਗਤਾਨਾਂ ਸਬੰਧੀ ਲੈਣ-ਦੇਣ ਬਾਰੇ ਸੂਚਨਾ ਸੈਂਟ੍ਰਲ ਸਿਵਲ ਪੈਨਸ਼ਨ ਦੇ ਮਾਮਲੇ ਅਨੁਸਾਰ ਫੰਡ ਸੈਟਲਮੈਂਟ ਲਈ ਨਾਗਪੁਰ ਸਥਿਤ ਲਿੰਕ ਸੈਲ ਰਾਹੀਂ ਸੈਂਟ੍ਰਲ ਅਕਾਉਂਟਸ ਸੈਕਸ਼ਨ

ਭਾਰਤੀ ਰਿਜ਼ਰਵ ਬੈਂਕ, ਨਾਗਪੁਰ ਕੋਲ ਭੇਜੀ ਜਾ ਸਕਦੀ ਹੈ। ਏਜੰਸੀ ਬੈਂਕਾਂ ਦੁਆਰਾ ਭੁਗਤਾਨ ਸਬੰਧੀ ਸੂਚੀਆਂ ਸਿੱਧੇ ਹੀ ਪੀਸੀ ਡੀ ਏ (ਪੀ) ਦ੍ਰੋਪਦੀ ਘਾਟ ਇਲਾਹਾਬਾਦ ਦਫ਼ਤਰ ਵਿਚ ਐਸ ਏ ਓ (ਪੀ) ਸ੍ਰੀ ਬੀ ਡੀ ਤਿਵਾੜੀ ਦੇ ਨਾਮ ਤੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

1 ਅਪ੍ਰੈਲ, 2007 ਤੋਂ ਪਹਿਲਾਂ ਦੀ ਅਵਧੀ ਦੌਰਾਨ ਸਾਰੇ ਬਕਾਇਆ ਲੈਣ-ਦੇਣ ਬਾਰੇ ਜਿਨ੍ਹਾਂ ਲਈ ਪੈਨਸ਼ਨ ਪੇਮੈਂਟ ਸਕ੍ਰੋਲਸ ਐਡਵਾਈਸੇਜ਼ ਉਪਲਬੱਧ ਨਹੀਂ ਹਨ, ਫੈਸਲਾ ਆਰ. ਬੀ. ਆਈ./ਐਸ. ਬੀ. ਆਈ. ਅਤੇ ਇਸ ਦੇ ਸਹਿਯੋਗੀ ਬੈਂਕਾਂ ਦੀਆਂ ਰੀਇੰਬਰਸਮੈਂਟ ਦੇਣ ਵਾਲੀਆਂ ਸ਼ਾਖਾਵਾਂ ਦੁਆਰਾ ਕੀਤਾ ਜਾਵੇਗਾ।

## 18 ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਅਰੁਨਾਚਲ ਪ੍ਰਦੇਸ਼ ਸਰਕਾਰ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਲਈ ਯੋਜਨਾ

*(ਹਵਾਲਾ ਡੀਜੀਬੀਏ ਜੀਏਡੀਐਚ 14279/45.05.024/2006-07 ਮਿਤੀ 23 ਮਾਰਚ, 2007)*

ਅਰੁਨਾਚਲ ਪ੍ਰਦੇਸ਼ ਸਰਕਾਰ ਨੇ ਪੈਨਸ਼ਨ ਦੇ ਭੁਗਤਾਨ ਸਬੰਧੀ ਯੋਜਨਾ ਵਿਚ ਸੋਧ ਕਰਦਿਆਂ ਪੈਨਸ਼ਨਰ ਦੁਆਰਾ ਆਪਣੀ ਪਤਨੀ/ਪਤੀ, ਜਿਸ ਦੇ ਹੱਕ ਵਿਚ ਪੈਨਸ਼ਨ ਪੇਮੈਂਟ ਆਰਡਰ (ਪੀ ਪੀ ਓ) ਵਿਚ ਫੈਮਿਲੀ ਪੈਨਸ਼ਨ ਬਾਰੇ ਅਧਿਕਾਰ ਦਾ ਜ਼ਿਕਰ ਹੋਵੇ, ਨਾਲ ਸੰਚਾਲਿਤ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਵੀ ਜਮ੍ਹਾਂ ਕਰਵਾਉਣ ਦੀ ਆਗਿਆ ਦਿੱਤੀ ਗਈ ਹੈ। ਪੈਨਸ਼ਨਰਜ਼ ਦੇ ਇਸ ਸੰਯੁਕਤ ਖਾਤੇ ਦਾ ਸੰਚਾਲਣ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਂ ਤਾਂ ਫੋਰਮਰ ਜਾਂ ਸਰਵਾਈਵਰ ਜਾਂ ਸਰਵਾਈਵਰ ਜਾਂ "ਆਈਦਰ ਜਾਂ ਸਰਵਾਈਵਰ" ਦੇ ਆਧਾਰ ਤੇ ਕੀਤਾ ਜਾ ਸਕਦਾ ਹੈ।

(ੳ) ਜੇਕਰ ਪੈਨਸ਼ਨ ਰਾਸ਼ੀ ਇਕ ਵਾਰੀ ਪੈਨਸ਼ਨਰ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਸਰਕਾਰ/ਬੈਂਕ ਦੀ ਜ਼ਿੰਮੇਵਾਰੀ ਸਮਾਪਤ ਹੋ ਜਾਵੇਗੀ। ਇਸ ਤੋਂ ਬਾਅਦ

ਜ਼ਿੰਮੇਵਾਰੀ ਦਾ ਕੋਈ ਸਵਾਲ ਪੈਦਾ ਨਹੀਂ ਹੋਵੇਗਾ, ਭਾਵੇਂ ਪੈਨਸ਼ਨਰ ਦੀ ਪਤਨੀ/ਪਤੀ ਗਲਤ ਢੰਗ ਨਾਲ ਉਹ ਰਾਸ਼ੀ ਖਾਤੇ ਵਿਚੋਂ ਕੱਢਵਾ ਲੈਂਦੀ/ਲੈਂਦਾ ਹੈ।

(ਅ) ਕਿਉਂਕਿ ਪੈਨਸ਼ਨ ਦਾ ਭੁਗਤਾਨ ਕੇਵਲ ਪੈਨਸ਼ਨਰ ਦੇ ਜੀਵਿਤ ਰਹਿੰਦੀਆਂ ਹੀ ਕੀਤਾ ਜਾ ਸਕਦਾ ਹੈ, ਇਸ ਲਈ ਉਸ ਦੀ ਮੌਤ ਬਾਰੇ ਬੈਂਕ ਨੂੰ ਛੇਤੀ ਤੋਂ ਛੇਤੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਹਰ ਹਾਲ ਵਿਚ ਮੌਤ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਤਾਂ ਜੋ ਪੈਨਸ਼ਨਰ ਦੀ ਮੌਤ ਤੋਂ ਬਾਅਦ ਵੀ ਬੈਂਕ ਦੁਆਰਾ ਉਸ ਦੀ ਪਤਨੀ/ਪਤੀ ਨਾਲ ਸੰਯੁਕਤ ਖਾਤੇ ਵਿਚ ਮਾਸਿਕ ਪੈਨਸ਼ਨ ਰਾਸ਼ੀ ਜਮ੍ਹਾਂ ਨਾ ਕਰਵਾਈ ਜਾਵੇ। ਪਰੰਤੂ ਜੇਕਰ ਗਲਤੀ ਨਾਲ ਕੋਈ ਰਾਸ਼ੀ ਇਸ ਸੰਯੁਕਤ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਗਈ ਹੋਵੇ ਤਾਂ ਇਹ ਰਾਸ਼ੀ ਸੰਯੁਕਤ ਖਾਤੇ ਅਤੇ ਜਾਂ ਪੈਨਸ਼ਨਰ/ਉਸ ਦੀ ਪਤਨੀ/ਪਤੀ ਦੁਆਰਾ ਖੋਲ੍ਹੇ ਗਏ ਕਿਸੇ ਵੀ ਹੋਰ ਖਾਤੇ ਵਿਚੋਂ ਵਸੂਲ ਕੀਤੀ ਜਾਵੇਗੀ। ਪੈਨਸ਼ਨਰ ਦੇ ਕਾਨੂੰਨੀ ਵਾਰਿਸ ਉਤਰਾਧਿਕਾਰੀ ਜਾਂ ਪ੍ਰਬੰਧਕ ਆਦਿ ਵੀ ਇਸ ਸੰਯੁਕਤ ਖਾਤੇ ਵਿਚ ਗਲਤੀ ਨਾਲ ਜਮ੍ਹਾਂ ਕਰਵਾਈ ਗਈ ਰਾਸ਼ੀ ਨੂੰ ਵਾਪਸ ਮੋੜਨ ਲਈ ਜਿੰਮੇਵਾਰ ਹੋਣਗੇ।

(ੲ) ਉਪਰ ਸੰਕੇਤ ਕੀਤੇ ਆਪਣੇ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣ ਦੇ ਚਾਹਵਾਨ ਵਰਤਮਾਨ ਪੈਨਸ਼ਨ ਲਈ ਜ਼ਰੂਰੀ ਹੈ ਕਿ ਉਹ ਨਿਰਧਾਰਿਤ ਫਾਰਮ ਵਿਚੋਂ ਉਸ ਬੈਂਕ ਸ਼ਾਖਾ ਨੂੰ ਇਕ ਅਰਜ਼ੀ ਦੇਣ ਜਿੱਥੋਂ ਉਹ ਇਸ ਸਮੇਂ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਇਸ ਅਰਜ਼ੀ ਤੇ ਪੈਨਸ਼ਨਰ ਦੀ ਪਤਨੀ/ਪਤੀ ਨੂੰ ਵੀ ਹਸਤਾਖਰ ਕਰਨੇ ਪੈਣਗੇ ਜੋ ਇਸ ਗੱਲ ਦਾ ਸਬੂਤ ਹੋਵੇਗਾ ਕਿ ਉਸ ਨੇ ਸ਼ਰਤਾਂ ਸਵੀਕਾਰ ਕੀਤੀਆਂ ਹਨ। ਇਹ ਹਦਾਇਤਾਂ ਇਸ ਮੀਮੋ ਦੇ ਜਾਰੀ ਹੋਣ ਤੋਂ ਬਾਅਦ ਸੇਵਾ ਮੁਕਤ ਹੋਣ ਵਾਲੇ ਸਰਕਾਰੀ ਕਰਮਚਾਰੀਆਂ ਤੇ ਵੀ ਲਾਗੂ ਹੋਣਗੀਆਂ।

(ਸ) ਪੀ ਪੀ ਓ ਵਿਚ ਫੈਮਿਲੀ ਪੈਨਸ਼ਨ ਲਈ ਅਧਿਕ੍ਰਿਤ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨਾਲ ਸੰਯੁਕਤ ਖਾਤਾ ਖੋਲ੍ਹਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਫੈਮਿਲੀ ਪੈਨਸ਼ਨਾਂ ਇਸ ਨਵੀਂ ਯੋਜਨਾ ਦੇ ਘੇਰੇ ਵਿਚ ਨਹੀਂ ਆਉਂਦੀਆਂ ਹਨ।

19. ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਪੈਨਸ਼ਨ ਸਲਿਪ ਜਾਰੀ ਕਰਨਾ।

*(ਹਵਾਲਾ: ਡੀ ਜੀ ਬੀ ਏ. ਜੀ ਏ ਡੀ. ਐਚ 10975/45.05.031/2006-07 ਮਿਤੀ 9 ਜਨਵਰੀ, 2007)*

ਸੈਂਟ੍ਰਲ ਪੈਨਸ਼ਨ ਅਕਾਊਟਿੰਗ ਆਫਿਸ, ਵਿੱਤ ਮੰਤਰਾਲਿਆ ਅਤੇ ਭਾਰਤ ਸਰਕਾਰ ਨਾਲ ਵਿਚਾਰ ਵਿਮਰਸ਼ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਕੇਂਦਰੀ ਸਰਕਾਰ ਦੇ (ਸਿਵਲ) ਪੈਨਸ਼ਨਰ ਨੂੰ ਪੈਨਸ਼ਨ ਸ਼ੁਰੂ ਹੋਣ ਤੇ ਅਤੇ ਉਸ ਤੋਂ ਬਾਅਦ ਜਦੋਂ ਵੀ ਪੈਨਸ਼ਨ ਰਾਸ਼ੀ ਵਿਚ ਕੋਈ ਪਰਿਵਰਤਨ ਹੋਵੇ, ਪੈਨਸ਼ਨ ਸਲਿਪਾਂ ਜਾਰੀ ਕੀਤੀਆਂ ਜਾਣ। ਸਾਰੇ ਏਜੰਸੀ ਬੈਂਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਆਪਣੀਆਂ ਸ਼ਾਖਾਵਾਂ ਨੂੰ ਉਚਿੱਤ ਹਦਾਇਤਾਂ ਜਾਰੀ ਕਰਨ।

20. ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਨੂੰ ਪੈਨਸ਼ਨ ਰਾਸ਼ੀ ਦੀ ਵੰਡ ਫਰਜ਼ੀ ਪੈਨਸ਼ਨਰਜ਼ ਨੂੰ ਪੈਨਸ਼ਨ ਸਲਿਪਾਂ ਜਾਰੀ ਕਰਨਾ :

*(ਹਵਾਲਾ ਡੀ ਜੀ ਬੀ ਏ ਜੀ ਏ ਡੀ ਐਚ 17663/45.05.031/2006-07 ਮਿਤੀ 12 ਜੂਨ, 2007)*

ਚੀਫ ਕੰਟਰੋਲਰ ਆਫ ਡਿਫੈਂਸ ਅਕਾਉਂਟਸ ਦੇ ਦਫ਼ਤਰ ਅਤੇ ਐਕਸ ਸਰਵਿਸ ਮੈਨ ਵੈਲਫੇਅਰ ਵਿਭਾਗ, ਡਿਫੈਂਸ ਮੰਤਰਾਲਿਆ ਨਾਲ ਵਿਚਾਰ ਵਿਮਰਸ਼ ਉਪਰੰਤ ਫੈਮਿਲੀ ਪੈਨਸ਼ਨਰਾਂ ਸਮੇਤ ਸ਼ਸਤਰ ਫੌਜਾਂ ਦੇ ਕਰਮਚਾਰੀਆਂ/ਫੌਜਾਂ ਦੇ ਸਿਵਲ ਪੈਨਸ਼ਨਰਾਂ ਨੂੰ ਕੇਂਦਰੀ ਸਰਕਾਰ ਦੇ (ਸਿਵਲ) ਪੈਨਸ਼ਨਰਾਂ ਤੇ ਲਾਗੂ ਹੋਣ ਵਾਲੀ ਵਰਤਮਾਨ ਪ੍ਰਣਾਲੀ ਅਨੁਸਾਰ ਪੈਨਸ਼ਨ ਸਲਿਪਾਂ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਾਰੇ ਏਜੰਸੀ ਬੈਂਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਪੈਨਸ਼ਨ ਰਾਸ਼ੀ ਦਾ ਭੁਗਤਾਨ ਕਰਨ ਵਾਲੀਆਂ ਆਪਣੀਆਂ ਸ਼ਾਖਾਵਾਂ ਨੂੰ ਉਚਿੱਤ ਹਦਾਇਤਾਂ ਜਾਰੀ ਕਰਨ।

# ਇਸ ਮਾਸਟਰ ਸਰਕੂਲਰ ਦੁਆਰਾ ਇਕੱਠੇ ਕੀਤੇ ਗਏ ਸਰਕੂਲਰਾਂ ਦੀ ਸੂਚੀ

| ਲੜੀ ਨੰਃ | ਸਰਕੂਲਰ ਨੰਃ | ਮਿਤੀ | ਵਿਸ਼ਾ |
|---|---|---|---|
| 1 | ਹਵਾਲਾਃ ਡੀਜੀਬੀਏ.ਜੀਏਡੀ. ਨੰ:ਐਚ-416/45.01.003/ 2002-03 | 21-3-2003 | ਰਾਜ ਸਰਕਾਰਾਂ ਦੇ ਪੈਨਸ਼ਨਰ ਲਈ ਮਹਿੰਗਾਈ ਰਾਹਤ (ਡੀ ਆਰ) ਆਦਿ ਬਾਰੇ ਸਰਕਾਰੀ ਆਦੇਸ਼ਾਂ ਨੂੰ ਰਾਜ ਸਰਕਾਰਾਂ ਦੀਆਂ ਵੈਬ ਸਾਈਟ ਤੇ ਪਾਉਣਾ। |
| 2. | ਹਵਾਲਾਃ ਡੀਜੀਬੀਏ.ਜੀਏਡੀ. ਨੰ:ਐਚ-506/45.01.001/ 2002-03 | 12-4-2003 | ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਸਰਕਾਰੀ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦਾ ਭੁਗਤਾਨ-ਪੈਨਸ਼ਨਰਜ਼ ਨੂੰ ਮਹਿੰਗਾਈ ਰਾਹਤ ਦੇ ਭੁਗਤਾਨ ਵਿਚ ਹੋਣ ਵਾਲੀ ਦੇਰੀ ਨੂੰ ਘੱਟੋ ਘੱਟ ਕਰਨ ਲਈ ਸਰਕਾਰ ਦੁਆਰਾ ਚੁੱਕੇ ਗਏ ਕਦਮ-ਡੀਆਰ ਸਬੰਧੀ ਸਰਕਾਰ ਦੇ ਆਦੇਸ਼ਾਂ ਨੂੰ ਭਾਰਤੀ ਰਿਜ਼ਰਵ ਬੈਂਕ ਰਾਹੀਂ ਭੇਜਣ ਦੀ ਪ੍ਰਥਾ ਦੀ ਸਮਾਪਤੀ |
| 3 | ਹਵਾਲਾਃ ਡੀਜੀਬੀਏ.ਜੀਏਡੀ. ਨੰ:770 /45.01.003/ | 25-2-2004 | ਪੈਨਸ਼ਨ ਸਬੰਧੀ ਸਰਕੂਲਰ ਨੂੰ ਆਰ. ਬੀ. ਆਈ. ਦੀ |

| | | | |
|---|---|---|---|
| | 2003-04 | | ਵੈਬਸਾਈਟ ਤੇ ਪਾਉਣਾ |
| 4 | (ਆਰ ਬੀ ਆਈ/2006/296) ਹਵਾਲਾ ਡੀਜੀਬੀਏਜੀਏ ਡੀ ਨੰ: 11303/45.01.003/ 2005-06 | 6-2-2006 | ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਪੈਨਸ਼ਨ ਰਾਸ਼ੀ ਦੀ ਵੰਡ-ਮਹਿੰਗਾਈ ਰਾਹਤ (ਡੀ ਆਰ) ਦਾ ਭੁਗਤਾਨ। |
| 5 | ਹਵਾਲਾ: ਡੀਜੀਬੀਏ.ਜੀਏਡੀ. ਨੰ:ਐਚ 94/45.05.031/ 2004-05 | 24-8-2004 | ਫਾਰਮ "ਏ" ਅਤੇ "ਬੀ" ਵਿਚ ਨੌਮੀਨੇਸ਼ਨ ਦੀ ਸਵੀਕ੍ਰਿਤੀ ਸੈਂਟ੍ਰਲ ਸਿਵਲ ਪੈਨਸ਼ਨ |
| 6 | ਹਵਾਲਾ: ਡੀਜੀਬੀਏ.ਜੀਏਡੀ. ਨੰ:ਐਚ 3611/45.03.002/ 2005-06 | 10-10-2005 | (ਫਾਰਮ "ਏ" ਅਤੇ "ਬੀ") ਵਿਚ ਨੋਮੀਨੇਸ਼ਨ ਦੀ ਸਵੀਕ੍ਰਿਤੀ ਰੇਲਵੇ ਦੇ ਪੈਨਸ਼ਨਰਜ਼ ਲਈ ਪੈਨਸ਼ਨ ਦੇ ਬਕਾਏ ਭੁਗਤਾਨ ਦੇ ਸਬੰਧ ਵਿਚ |
| 7 | ਹਵਾਲਾ: ਡੀਜੀਬੀਏ.ਜੀਏਡੀ. ਨੰ: 612-644/45.01. 001/2004-05 | 7-10-2004 | ਕੇਂਦਰੀ ਪ੍ਰਤੀ ਨਿਯੁਕਤੀ ਤੇ ਰਹਿੰਦੇ ਹੋਏ ਭਾਰਤ ਸਰਕਾਰ ਤੋਂ ਸੇਵਾ-ਮੁਕਤ ਹੋਣ ਵਾਲੇ ਸਾਰੇ ਸਰਵ ਭਾਰਤੀ ਸੇਵਾ ਦੇ ਅਧਿਕਾਰੀਆਂ ਨੂੰ ਪੈਨਸ਼ਨ ਅਤੇ ਸੇਵਾ ਮੁਕਤੀ ਨਾਲ ਜੁੜੇ ਹੋਰ ਲਾਭਾਂ ਦੇ ਭੁਗਤਾਨ ਲਈ |

| | | | |
|---|---|---|---|
| | | | ਪ੍ਰਕ੍ਰਿਆ ਨੂੰ ਲਾਗੂ ਕਰਨਾ। |
| 8 | ਹਵਾਲਾ: ਡੀਜੀਬੀਏ.ਜੀਏਡੀ. ਨੰ: 867-899/45.02. 001/2004-05 | 18-10-2004 | ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਫਰਜ਼ੀ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ ਪੈਨਸ਼ਨ ਪੇਮੈਂਟ ਸਕ੍ਰੋਲਜ਼ ਭੇਜਣ ਵਿਚ ਹੋਣ ਵਾਲੀ ਦੇਰੀ ਅਤੇ ਫਰਜ਼ੀ ਅਤੇ ਛਲਪੂਰਣ ਭੁਗਤਾਨਾਂ ਤੋਂ ਬਚਣ ਲਈ ਕਾਰਵਾਈ। |
| 9 | ਨੰ:ਆਰਬੀਆਈ/2005/334 ( ਹਵਾਲਾ: ਡੀਜੀਬੀਏ.ਜੀਏਡੀ. ਨੰ: ਐਚ3389-3421/ 45.02.001/2004-05 | 6-1-2005 | ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਰੇਲਵੇ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ ਫਰਜ਼ੀ ਭੁਗਤਾਨਾਂ ਤੋਂ ਬਚਣ ਲਈ ਕਦਮ। |
| 10 | ਹਵਾਲਾ ਡੀਜੀਬੀਏ ਜੀਏਡੀ ਨੰ:ਐਚ 3452-3485/ 45.01.001/2005-06 | 11-1-2005 | ਸੈਂਟ੍ਰਲ ਸਿਵਲ ਪੈਨਸ਼ਨ ਦਾ ਭੁਗਤਾਨ-ਪੈਨਸ਼ਨ ਪੇਮੈਂਟ ਆਰਡਰ (ਪੀ ਪੀ ਓ) ਦੇ ਦੋਵੇਂ ਅੱ ਧ ਭਾਗਾਂ ਵਿਚ ਮਹਿੰਗਾਈ ਰਾਹਤ ਦਾ ਇੰਦਰਾਜ |
| 11 | ਹਵਾਲਾ: ਡੀਜੀਬੀਏ.ਜੀਏਡੀ. ਨੰ: 6073/45.05.031/ 2004-05 | 30-5-2005 | ਏਜੰਸੀ ਬੈਂਕਾਂ ਦੁਆਰਾ ਰੇਲਵੇ ਪੈਨਸ਼ਨ ਦੀ ਵੰਡ |

| | | | |
|---|---|---|---|
| 12 | ਹਵਾਲਾ ਡੀਜੀਬੀਏ ਜੀਏਡੀ ਨੰ:ਐਚ10746/45.03.001/2005-06 | 24-01-2006 | ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਰੇਲਵੇ ਪੈਨਸ਼ਨ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ ਰੇਲ ਮੰਤਰਾਲਿਆਂ ਦੁਆਰਾ ਸੱਤ ਨਵੇਂ ਜ਼ੋਨਾਂ ਦੇ ਐਫ ਏਜ ਅਤੇ ਸੀ ਏ ਓਜ ਦੀ ਨਿਯੁਕਤੀ |
| 13 | ਹਵਾਲਾ: ਡੀਜੀਬੀਏ.ਜੀਏਡੀ. ਨੰ: 12736/45.03.001/2005-06 | 24-2-2006 | ਅਧਿਕ੍ਰਿਤ ਬੈਂਕਾਂ ਦੁਆਰਾ ਪੈਨਸ਼ਨ ਰਾਸ਼ੀ ਦਾ ਭੁਗਤਾਨ ਪੈਨਸ਼ਨਰ ਦੁਆਰਾ ਆਪਣੀ ਪਤਨੀ/ਪਤੀ ਨਾਲ ਸੰਚਾਲਿਤ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣਾ |
| 14 | ਹਵਾਲਾ: ਡੀਜੀਬੀਏ.ਜੀਏਡੀ. ਨੰ:ਐਚ2134-/45.02.001/2006-07 | 4-8-2006 | ਅਧਿਕ੍ਰਿਤ ਬੈਂਕਾਂ ਰਾਹੀਂ ਪੈਨਸ਼ਨ ਰਾਸ਼ੀ ਦਾ ਭੁਗਤਾਨ-ਪੈਨਸ਼ਨਰ ਦੁਆਰਾ ਆਪਣੀ ਪਤਨੀ/ਪਤੀ ਨਾਲ ਸੰਚਾਲਿਤ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣਾ |
| 15 | ਹਵਾਲਾ: ਡੀਜੀਬੀਏ.ਜੀਏਡੀ. ਨੰ: 6926/ 45.05.005/ 2006-07 | 30-10-2006 | ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਪੱਛਮੀ ਬੰਗਾਲ (ਪਾਰਟ ਏ) ਸਰਕਾਰ ਦੇ |

| | | | |
|---|---|---|---|
| | | | ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ ਪੈਨਸ਼ਨਰ ਦੁਆਰਾ ਆਪਣੀ ਪਤਨੀ/ਪਤੀ ਨਾਲ ਸੰਚਾਲਿਤ ਸੰਯੁਕਤ ਖਾਤੇ ਵਿਚ ਪੈਨਸ਼ਨ ਰਾਸ਼ੀ ਨੂੰ ਜਮ੍ਹਾਂ ਕਰਵਾਉਣਾ। |
| 16 | ਹਵਾਲਾ: ਡੀਜੀਬੀਏ.ਜੀਏਡੀ. ਨੰ:ਐਚ8973/45.05.003/ 2006-07 | 24-11-2006 | ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਪੰਜਾਬ ਸਰਕਾਰ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਦੀ ਯੋਜਨਾ |
| 17 | ਹਵਾਲਾ: ਡੀਜੀਬੀਏ.ਜੀਏਡੀ. ਨੰ: ਐਚ 13834/45.02. 001/2006-07 | 13-3-2007 | ਡਿਫੈਂਸ ਪੈਨਸ਼ਨ ਸਬੰਧੀ ਭੁਗਤਾਨਾਂ ਦੀ ਰੀਇੰਬਰਸਮੈਂਟ ਲਈ ਸਿੰਗਲ ਵਿੰਡੋ ਪ੍ਰਣਾਲੀ ਦਾ ਆਰੰਭ |
| 18 | ਹਵਾਲਾ: ਡੀਜੀਬੀਏ.ਜੀਏਡੀ. ਨੰ:ਐਚ- 14279/45.05. 024/ 2006-07 | 23-3-2007 | ਸਰਕਾਰੀ ਖੇਤਰ ਦੇ ਬੈਂਕਾਂ ਦੁਆਰਾ ਅਰੁਨਾਚਲ ਪ੍ਰਦੇਸ਼ ਸਰਕਾਰ ਦੇ ਪੈਨਸ਼ਨਰਜ਼ ਨੂੰ ਪੈਨਸ਼ਨ ਰਾਸ਼ੀ ਦੇ ਭੁਗਤਾਨ ਲਈ ਯੋਜਨਾ |
| 19. | ਹਵਾਲਾ: ਡੀਜੀਬੀਏ.ਜੀਏਡੀ. ਨੰ:ਐਚ- 10975/45.05. 031/ 2006-07 | 9-1-2007 | ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਕੇਂਦਰੀ ਸਰਕਾਰ ਦੀ ਪੈਨਸ਼ਨ ਰਾਸ਼ੀ ਦੀ ਵੰਡ ਬੈਂਕਾਂ ਦੁਆਰਾ |

| | | | |
|---|---|---|---|
| | | | ਪੈਨਸ਼ਨ ਸਲਿਪਾਂ ਜਾਰੀ ਕਰਨਾ |
| 20 | ਹਵਾਲਾਃ ਡੀਜੀਬੀਏ.ਜੀਏਡੀ. ਨੰ:ਐਚ 17663/45.05. 031/ 2006-07 | 12-6-2007 | ਸਰਕਾਰੀ ਖੇਤਰ ਦੇ ਬੈਂਕਾਂ ਰਾਹੀਂ ਕੇਂਦਰੀ ਸਰਕਾਰ ਦੀ ਪੈਨਸ਼ਨ ਰਾਸ਼ੀ ਦੀ ਵੰਡ ਬੈਂਕਾਂ ਦੁਆਰਾ ਫਰਜ਼ੀ ਪੈਨਸ਼ਨਰਜ਼ ਨੂੰ ਪੈਨਸ਼ਨ ਸਲਿਪਾਂ ਜਾਰੀ ਕਰਨਾ। |